AXIS BANK

# ਨਿਯਮ ਅਤੇ ਸ਼ਰਤਾਂ - ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ

## 1. ਪਰਿਭਾਸ਼ਾ

- ਇਸ ਦਸਤਾਵੇਜ਼ ਵਿੱਚ ਹੇਠਾਂ ਦਿੱਤੇ ਸ਼ਬਦਾਂ ਅਤੇ ਵਾਕਾਂਸ਼ਾਂ ਦਾ ਅਰਥ ਉਨ੍ਹਾਂ ਦੇ ਸਬੰਧ ਵਿੱਚ ਨਿਰਧਾਰਤ ਕੀਤਾ ਗਿਆ ਹੈ ਜਦੋਂ ਤੱਕ ਕਿ ਕੰਟੈਕਸਟ ਵਿੱਚ ਕੁਝ ਹੋਰ ਨਾ ਦੱਸਿਆ ਗਿਆ ਹੋਵੇ.
- ਬੈਂਕ ਦਾ ਅਰਥ ਐਕਸਿਸ ਬੈਂਕ ਲਿਮਿਟੇਡ ਤੋਂ ਹੈ, ਜੋ ਕੰਪਨੀ ਐਕਟ, 1956 ਦੇ ਤਹਿਤ ਭਾਰਤ ਵਿੱਚ ਸ਼ਾਮਲ ਇੱਕ ਬੈਂਕਿੰਗ ਕੰਪਨੀ ਹੈ ਅਤੇ ਇਸ ਦਾ ਰਜਿਸਟਰਡ ਦਫਤਰ "ਤ੍ਰਿਸ਼ੂਲ", ਤੀਜੀ ਫਲੋਰ, ਸਾਹਮਣੇ. ਸਮਰਥੇਸ਼ਵਰ ਮੰਦਿਰ, ਨੇੜੇ ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ - 380 006, ਗੁਜਰਾਤ, ਭਾਰਤ ਵਿੱਚ ਸਥਿਤ ਹੈ, ਜਿਸ ਵਿੱਚ ਉਸ ਦੀ ਕਿਸੇ ਵੀ ਸ਼ਾਖਾ/ਦਫਤਰ ਸ਼ਾਮਲ ਹੈ. ਨਿਯਮਾਂ ਵਿੱਚ ਐਕਸਿਸ ਬੈਂਕ ਲਿਮਿਟੇਡ ਦੇ ਉੱਤਰਾਧਿਕਾਰੀ ਅਤੇ ਪ੍ਰਤੀਨਿਧ ਵਿਅਕਤੀ ਸ਼ਾਮਲ ਹਨ.
- ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਬੈਂਕ ਦੀ ਇਕ ਇੰਟਰਨੈੱਟ ਅਧਾਰਤ ਸੇਵਾ ਹੈ, ਜੋ ਯੂਜ਼ਰ ਨੂੰ ਹੇਠ ਲਿਖੀਆਂ ਸੁਵਿਧਾਵਾਂ ਪ੍ਰਦਾਨ ਕਰਦੀ ਹੈ: ਬੈਲੇਂਸ ਬਾਰੇ ਜਾਣਕਾਰੀ, ਖਾਤੇ ਦੀ ਸਟੇਟਮੈਂਟ, ਚੈੱਕ ਬੁੱਕ ਜਾਰੀ ਕਰਨ ਲਈ ਬੇਨਤੀ, ਪਰਸਨਲ ਖਾਤੇ ਦੀ ਜਾਣਕਾਰੀ ਦੇਖਣ, ਡੀਮੈਟ ਖਾਤੇ ਦੀ ਹੋਲਡਿੰਗ/ਸਟੇਟਮੈਂਟ ਅਤੇ ਬੈਂਕ ਵੱਲੋਂ ਸਮੇਂ-ਸਮੇਂ 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਹੋਰ ਸੁਵਿਧਾਵਾਂ ਜਿਵੇਂ ਕਿ ਖਾਤੇ ਦੇ ਵਿਚਕਾਰ ਫੰਡ ਟ੍ਰਾਂਸਫਰ ਕਰਨਾ.
- ਯੂਜ਼ਰ ਦਾ ਅਰਥ ਅਜਿਹੇ ਵਿਅਕਤੀ ਤੋਂ ਹੈ ਜੋ ਜਾਂ ਤਾਂ ਇੱਕ ਖਾਤਾਧਾਰਕ ਹੈ ਜਾਂ ਸਿੰਗਲ ਸਿਗਨੇਚਰੀ ਹੈ ਜਾਂ ਇੱਕ ਤੋਂ ਵੱਧ ਸਿਗਨੇਚਰੀ ਹੋਣ 'ਤੇ ਕੰਮ ਕਰਨ ਲਈ ਅਧਿਕਾਰਤ ਹੈ ਅਤੇ/ਜਾਂ ਜਿਸ ਨੂੰ ਬੈਂਕ ਵਲੋਂ ਪ੍ਰਦਾਨ ਕੀਤੀ ਗਈ ਇੰਟਰਨੈੱਟ ਬੈਂਕਿੰਗ ਸੇਵਾ ਦਾ ਲਾਭ ਲੈਣ ਲਈ ਬੈਂਕ ਵਲੋਂ ਅਧਿਕਾਰਤ ਕੀਤਾ ਗਿਆ ਹੈ.
- ਖਾਤੇ ਤੋਂ ਭਾਵ ਹੈ ਯੂਜ਼ਰ ਦਾ ਬੱਚਤ ਅਤੇ/ਜਾਂ ਚਾਲੂ ਖਾਤਾ ਅਤੇ/ਜਾਂ ਫਿਕਸਡ ਡਿਪਾਜ਼ਿਟ ਅਤੇ/ਜਾਂ ਕੈਸ਼ ਕ੍ਰੈਡਿਟ ਖਾਤਾ ਅਤੇ/ਜਾਂ ਡਿਪਾਜ਼ਿਟਰੀ ਖਾਤਾ ਅਤੇ/ਜਾਂ ਬੈਂਕ ਵਲੋਂ ਨਿਰਧਾਰਿਤ ਕੋਈ ਹੋਰ ਖਾਤਾ ਜਿਸ ਨੂੰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਦੇ ਤਹਿਤ ਕਵਰ ਕੀਤਾ ਗਿਆ ਹੋਵੇ.
- ਨਿਯਮਾਂ ਦਾ ਅਰਥ ਇਸ ਦਸਤਾਵੇਜ਼ ਵਿੱਚ ਦੱਸੇ ਅਨੁਸਾਰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਲਈ ਲਾਗੂ ਨਿਯਮ ਅਤੇ ਸ਼ਰਤਾਂ ਹਨ.

## 2. ਨਿਯਮ ਅਤੇ ਸ਼ਰਤਾਂ ਦੀ ਲਾਗੂਤਾ

ਇਹ ਨਿਯਮ ਯੂਜ਼ਰ ਅਤੇ ਬੈਂਕ ਦੇ ਵਿਚਕਾਰ ਇਕਰਾਰਨਾਮਾ ਬਣਾਉਂਦੀਆਂ ਹਨ. ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਲਈ ਅਪਲਾਈ ਕਰਕੇ ਅਤੇ ਸੇਵਾ ਦੀ ਵਰਤੋਂ ਕਰਕੇ, ਯੂਜ਼ਰ ਇਨ੍ਹਾਂ ਸ਼ਰਤਾਂ ਨੂੰ ਮੰਨਦਾ ਹੈ ਅਤੇ ਸਵੀਕਾਰ ਕਰਦਾ ਹੈ. ਇਹ ਸ਼ਰਤਾਂ ਸਮੇਂ-ਸਮੇਂ 'ਤੇ ਐਕਸਿਸ ਬੈਂਕ ਵਲੋਂ ਨਿਰਧਾਰਿਤ ਹੇਠਾਂ ਦਿੱਤੇ ਨਿਯਮ ਅਤੇ ਸ਼ਰਤਾਂ ਅਤੇ ਹੋਰ ਨਿਯਮ ਅਤੇ ਸ਼ਰਤਾਂ ਤੋਂ ਇਲਾਵਾ ਹੋਣਗੀਆਂ ਅਤੇ ਇਹਨਾਂ ਦੀ ਉਲੰਘਣਾਂ ਨਹੀਂ ਕਰਨਗੀਆਂ.

- ਐਕਸਿਸ ਬੈਂਕ ਪ੍ਰੀਪੇਡ ਇੰਸਟਰੂਮੈਂਟ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਗਾਹਕ ਅਧਿਕਾਰ ਪਾਲਿਸੀ
- ਐਕਸਿਸ ਬੈਂਕ ਬੱਚਤ ਖਾਤੇ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਨੈੱਟ ਬੈਂਕਿੰਗ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਸ਼ਿਕਾਇਤ ਨਿਵਾਰਣ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ, ਬੈਂਕ ਦੀ ਗਾਹਕ ਮੁਆਵਜ਼ਾ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ
- ਐਕਸਿਸ ਬੈਂਕ ਕੋਡ ਆਫ ਬੈਂਕ ਦੀ ਵਚਨਬੱਧਤਾ ਸੰਬੰਧੀ ਨਿਯਮ ਅਤੇ ਸ਼ਰਤਾਂ

ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਤੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਨਾਲ ਸੰਬੰਧਿਤ ਹੋਰ ਪ੍ਰਾਇਮਰੀ/ਨਿਰਧਾਰਿਤ ਨਿਯਮ ਅਤੇ ਸ਼ਰਤਾਂ ਦੇ ਵਿਚਕਾਰ ਕਿਸੇ ਵੀ ਤਕਰਾਰ ਦੇ ਮਾਮਲੇ ਵਿੱਚ, ਇਹ ਨਿਯਮ ਅਤੇ ਸ਼ਰਤਾਂ ਲਾਗੂ ਹੋਣਗੀਆਂ.

**3. ਸਾਫਟਵੇਅਰ**

ਬੈਂਕ ਸਮੇਂ-ਸਮੇਂ 'ਤੇ ਇੰਟਰਨੈੱਟ ਸਾਫਟਵੇਅਰ, ਜਿਵੇਂ ਕਿ ਬ੍ਰਾਉਜ਼ਰ ਬਾਰੇ ਜਾਣਕਾਰੀ ਦੇਵੇਗਾ ਜੋ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਕਰਨ ਲਈ ਲੋੜੀਂਦੇ ਹਨ. ਇਨ੍ਹਾਂ ਇੰਟਰਨੈੱਟ ਸਾਫਟਵੇਅਰ ਦੇ ਸਾਰੇ ਵਰਜਨ ਦਾ ਸਮਰਥਨ ਕਰਨ ਸੰਬੰਧੀ ਬੈਂਕ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ. ਯੂਜਰ ਨੂੰ ਸਮੇਂ-ਸਮੇਂ 'ਤੇ ਆਪਣੇ ਖਰਚ 'ਤੇ ਆਪਣੇ ਸਾਫਟਵੇਅਰ, ਹਾਰਡਵੇਅਰ ਅਤੇ ਆਪਰੇਟਿੰਗ ਸਿਸਟਮ ਨੂੰ ਅੱਪਗ੍ਰੇਡ ਕਰਨਾ ਹੋਵੇਗਾ ਅਤੇ ਬੈਂਕ 'ਤੇ ਯੂਜਰ ਦੇ ਸਾਫਟਵੇਅਰ, ਹਾਰਡਵੇਅਰ ਅਤੇ ਆਪਰੇਟਿੰਗ ਸਿਸਟਮ ਨੂੰ ਸਮਰਥਨ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗਾ ਅਤੇ ਇਹ ਸਾਰੀ ਯੂਜਰ ਦੀ ਜ਼ਿੰਮੇਵਾਰੀ ਹੋਵੇਗੀ.

**4. ਜੋਇੰਟ ਖਾਤੇ**

- ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦਾ ਲਾਭ ਲੈਣ ਦੀ ਇੱਛਾ ਰੱਖਣ ਵਾਲਾ ਯੂਜਰ ਜਾਂ ਤਾਂ ਖਾਤਾ ਧਾਰਕ ਅਤੇ ਸੋਲ ਸਿਗਨੇਚਰੀ ਜਾਂ ਜੋਆਇੰਟ ਖਾਤੇ ਦੇ ਮਾਮਲੇ ਵਿੱਚ ਸੁਤੰਤਰ ਤੌਰ 'ਤੇ ਕੰਮ ਕਰਨ ਲਈ ਅਧਿਕਾਰਤ ਵਿਅਕਤੀ ਹੋਣਾ ਚਾਹੀਦਾ ਹੈ. ਅਜਿਹੇ ਜੋਆਇੰਟ ਖਾਤੇ ਲਈ, ਬੇਨਤੀ ਕਰਨ 'ਤੇ ਹਰੇਕ ਜੋਆਇੰਟ ਖਾਤਾ ਧਾਰਕ ਨੂੰ ਇੱਕ ਯੂਜ਼ਰ ਆਈਡੀ ਅਤੇ ਪਾਸਵਰਡ ਜਾਰੀ ਕੀਤਾ ਜਾਵੇਗਾ. ਹੋਰ ਜੋਆਇੰਟ ਖਾਤਾ ਧਾਰਕ ਸਪੱਸ਼ਟ ਤੌਰ 'ਤੇ ਪ੍ਰਬੰਧਨ ਨਾਲ ਸਹਿਮਤ ਹੋਣਗੇ ਅਤੇ ਆਪਣੀ ਸਹਿਮਤੀ ਦੇਣਗੇ.
- ਸਾਰੇ ਪੱਤਰ-ਵਿਹਾਰ ਮੇਲਿੰਗ ਐਡਰੈੱਸ 'ਤੇ ਭੇਜੇ ਜਾਣਗੇ. ਜੋਆਇੰਟ ਖਾਤੇ ਵਿੱਚ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਰਾਹੀਂ ਕੀਤੇ ਵਾਲੇ ਸਾਰੇ ਟ੍ਰਾਂਜ਼ੈਕਸ਼ਨ ਸਾਰੇ ਜੋਆਇੰਟ ਖਾਤਾ ਧਾਰਕਾਂ ਲਈ ਸੰਯੁਕਤ ਅਤੇ ਵਿਅਕਤੀਗਤ ਤੌਰ 'ਤੇ ਲਾਗੂ ਹੋਣਗੇ. ਅਜਿਹੀ ਕਿਸੇ ਵੀ ਸਥਿਤੀ ਵਿੱਚ ਕਿਸੇ ਵੀ ਜੋਆਇੰਟ ਖਾਤਾ ਧਾਰਕ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ/ਹਾਨੀ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.

**5. ਨਾਬਾਲਗ ਦੇ ਨਾਮ 'ਤੇ ਖਾਤੇ**

- ਨਾਬਾਲਗ ਦੇ ਲਈ ਅਤੇ ਉਸ ਦੀ ਤਰਫੋਂ ਖੋਲ੍ਹੇ ਗਏ ਖਾਤੇ ਦੇ ਮਾਮਲੇ ਵਿੱਚ, ਨੈਚੁਰਲ ਗਾਰਡੀਅਨ (ਸਰਪ੍ਰਸਤ) ਖਾਤੇ ਨੂੰ ਚਲਾਉਣ ਨਾਲ ਸੰਬੰਧਿਤ ਸਾਰੇ ਨਿਰਦੇਸ਼ ਦੇਣ ਲਈ ਜ਼ਿੰਮੇਵਾਰ ਹੋਣਗੇ ਅਤੇ ਇਹ ਵੀ ਜ਼ਿੰਮਵਾਰੀ ਲੈਣਗੇ ਕਿ ਇਸ ਯੂਜ਼ਰ ਆਈਡੀ ਅਤੇ ਪਾਸਵਰਡ ਬਾਰੇ ਨਾਬਾਲਗ ਨੂੰ ਨਹੀਂ ਦੱਸਿਆ ਜਾਵੇਗਾ, ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਸਰਪ੍ਰਸਤ ਇਸ ਨਾਲ ਹੋਣ ਵਾਲੇ ਜੋਖਮ ਅਤੇ ਨਤੀਜੇ ਭੁਗਤਣਗੇ ਅਤੇ ਜੇ ਖਾਤਾ ਨਾਬਾਲਗ ਵਲੋਂ ਚਲਾਇਆ ਜਾਂਦਾ ਹੈ ਤਾਂ ਉਸ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ. ਅਜਿਹੀ ਸਥਿਤੀ ਵਿੱਚ, ਇਹ ਮੰਨਿਆ ਜਾਵੇਗਾ ਕਿ ਟ੍ਰਾਂਜ਼ੈਕਸ਼ਨ ਸਰਪ੍ਰਸਤ ਵੱਲੋਂ ਕੀਤੀ ਗਈ ਹੈ.

**6. ਸੁਰੱਖਿਆ**

- ਬੈਂਕ, ਉੱਚਿਤ ਢੰਗ ਨਾਲ ਬੈਂਕ ਕੋਲ ਉਪਲਬਧ ਤਕਨੀਕ ਦੀ ਵਰਤੋਂ ਕਰਕੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੇਵਾ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅਣਅਧਿਕਾਰਤ ਪਹੁੰਚ ਨੂੰ ਰੋਕਣ ਲਈ ਪੂਰੀ ਸਾਵਧਾਨੀ ਵਰਤੇਗਾ.

**7. ਪਾਸਵਰਡ**

ਯੂਜਰ ਹੇਠ ਲਿਖਿਆਂ ਗੱਲਾਂ ਨੂੰ ਸਵੀਕਾਰ ਕਰਦਾ ਹੈ ਅਤੇ ਬਿਨਾਂ ਸ਼ਰਤ ਸਹਿਮਤੀ ਦਿੰਦਾ ਹੈ:

- ਖਾਤਾਧਾਰਕ ਦੀ ਐਪਲੀਕੇਸ਼ਨ ਮਨਜ਼ੂਰ ਹੋਣ ਤੋਂ ਬਾਅਦ, ਗਾਹਕ ਨੂੰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਨੂੰ ਐਕਸੈਸ ਕਰਨ ਲਈ ਲਾਗ-ਇਨ ਆਈਡੀ ਅਤੇ ਪਾਸਵਰਡ ਦਿੱਤਾ ਜਾਵੇਗਾ.
- ਜੇ ਪਿੰਨ ਮੇਲਰ ਛੇੜਛਾੜ/ਖਰਾਬ ਹਾਲਤ ਵਿੱਚ ਗਾਹਕ ਤੱਕ ਪਹੁੰਚਦਾ ਹੈ, ਤਾਂ ਤੁਰੰਤ ਬੈਂਕ ਨਾਲ ਸੰਪਰਕ ਕੀਤਾ ਜਾਵੇਗਾ.
- ਪਹਿਲੀ ਵਾਰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਐਕਸੈਸ ਕਰਨ 'ਤੇ, ਯੂਜਰ ਸੰਬੰਧਿਤ ਵਿਕਲਪ ਰਾਹੀਂ ਬੈਂਕ ਵਲੋਂ ਨਿਰਧਾਰਿਤ ਪਾਸਵਰਡ ਨੂੰ ਬਦਲ ਦੇਵੇਗਾ. ਯੂਜਰ ਆਪਣੇ ਜੋਖਮ ਅਤੇ ਨਤੀਜਿਆਂ 'ਤੇ ਜਿੰਨੀ ਵਾਰ ਚਾਹੇ ਪਾਸਵਰਡ ਨੂੰ ਬਦਲ ਸਕਦਾ ਹੈ. ਯੂਜਰ ਬਦਲੇ ਗਏ ਪਾਸਵਰਡ ਦੀ ਗੁਪਤਤਾ ਨੂੰ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ, ਅਤੇ ਅਧਿਕਾਰਤ ਯੂਜਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਵਲੋਂ ਪਾਸਵਰਡ ਦੀ ਦੁਰਵਰਤੋਂ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ.
- ਬੈਂਕ ਯੂਜ਼ਰ ਆਈਡੀ/ਪਾਸਵਰਡ ਦੀ ਦੁਰਵਰਤੋਂ/ਅਣਅਧਿਕਾਰਤ ਵਰਤੋਂ ਦੇ ਨਤੀਜੇ ਵਜੋਂ ਯੂਜਰ ਨੂੰ ਹੋਣ ਵਾਲੇ ਨੁਕਸਾਨ ਸਮੇਤ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ.

- ਜੇ ਯੂਜਰ ਪਾਸਵਰਡ ਭੁੱਲ ਜਾਂਦਾ ਹੈ, ਤਾਂ ਇੱਕ ਲਿਖਤੀ ਬੇਨਤੀ ਰਾਹੀਂ ਬੈਂਕ ਤੋਂ ਇੱਕ ਨਵਾਂ ਪਾਸਵਰਡ ਪ੍ਰਾਪਤ ਕੀਤਾ ਜਾ ਸਕਦਾ ਹੈ. ਅਜਿਹੇ ਬਦਲਾਅ ਨੂੰ ਇੱਕ ਨਵੇਂ ਇਕਰਾਰਨਾਮੇ ਦੀ ਸ਼ੁਰੂਆਤ ਨਹੀਂ ਮੰਨਿਆ ਜਾਵੇਗਾ. ਅਜਿਹੀ ਘਟਨਾ ਵਿੱਚ ਬੈਂਕ ਵਾਜਬ ਸਮੇਂ ਦੇ ਅੰਦਰ ਨਵਾਂ ਪਾਸਵਰਡ ਪ੍ਰਦਾਨ ਕਰੇਗਾ. ਹਾਲਾਂਕਿ, ਅਜਿਹੇ ਸਮੇਂ ਤੱਕ ਕੋਈ ਟ੍ਰਾਂਜੈਕਸ਼ਨ ਪ੍ਰਭਾਵਿਤ ਨਹੀਂ ਹੋਵੇਗੀ.

**8. ਸੁਰੱਖਿਆ ਸਬੰਧੀ ਜਵਾਬ**

ਯੂਜਰ ਹੇਠ ਲਿਖਿਆਂ ਗੱਲਾਂ ਨੂੰ ਸਵੀਕਾਰ ਕਰਦਾ ਹੈ ਅਤੇ ਬਿਨਾਂ ਸ਼ਰਤ ਸਹਿਮਤੀ ਦਿੰਦਾ ਹੈ:

ਇੰਟਰਨੈੱਟ ਬੈਂਕਿੰਗ ਲਾਗ-ਇਨ ਦੀ ਸੁਰੱਖਿਆ ਨੂੰ ਵਧਾਉਣ ਲਈ ਗਾਹਕ ਸੁਰੱਖਿਆ ਸਬੰਧੀ ਸਵਾਲਾਂ ਦੇ ਜਵਾਬ ਨਿਰਧਾਰਤ ਕਰਦਾ ਹੈ.

ਯੂਜ਼ਰ ਸ਼ਾਖਾ ਵਿੱਚ ਬੇਨਤੀ ਕਰਕੇ ਅਪਣੇ ਜੋਖਮ ਅਤੇ ਨਤੀਜਿਆਂ 'ਤੇ ਜਿੰਨੀ ਵਾਰ ਚਾਹੇ ਜਵਾਬ ਬਦਲ ਸਕਦਾ ਹੈ. ਯੂਜ਼ਰ ਬਦਲੇ ਗਏ ਜਵਾਬਾਂ ਦੀ ਗੁਪਤਤਾ ਨੂੰ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ ਅਤੇ ਅਧਿਕਾਰਤ ਯੂਜ਼ਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਵਲੋਂ ਉਕਤ ਜਵਾਬਾਂ ਦੀ ਦੁਰਵਰਤੋਂ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ. ਗਾਹਕ ਬਿਆਨ ਕਰੇਗਾ ਕਿ ਸੁਰੱਖਿਆ ਸਬੰਧੀ ਜਵਾਬ ਥਰਡ ਪਾਰਟੀ ਤੋਂ ਦੂਰ ਰੱਖੇ ਜਾਣਗੇ ਅਤੇ ਉਹ ਆਪਣੇ ਲਾਗ-ਇਨ ਪਾਸਵਰਡ, ਸੁਰੱਖਿਆ ਜਵਾਬ ਅਤੇ ਟ੍ਰਾਂਜ਼ੈਕਸ਼ਨ ਪਾਸਵਰਡ ਨੂੰ ਪਛਾਣਯੋਗ ਰੂਪ ਵਿੱਚ, ਜਿਸ ਵਿੱਚ ਯੂਜ਼ਰਨੇਮ ਸ਼ਾਮਲ ਹੈ ਜਾਂ ਇੰਟਰਨੈੱਟ ਸੇਵਾਵਾਂ ਦੇ ਨਾਲ ਕੀਤੀ ਗਈ ਕਿਸੇ ਹੋਰ ਆਈਟਮ 'ਤੇ ਸੇਵ ਨਹੀਂ ਕਰੇਗਾ. ਜੇ ਉਹ ਕਿਸੇ ਹੋਰ ਵਿਅਕਤੀ ਨੂੰ ਆਪਣੇ ਸੁਰੱਖਿਆ ਸਵਾਲ/ਜਵਾਬ ਬਾਰੇ ਜਾਣਕਾਰੀ ਦਿੰਦੇ ਹਨ, ਤਾਂ ਉਸ ਵਿਅਕਤੀ ਵਲੋਂ ਜਾਂ ਉਸ ਦੀ ਸਹਿਮਤੀ ਨਾਲ ਸੇਵਾ ਦੀ ਵਰਤੋਂ ਕਰਕੇ ਕੀਤੇ ਗਏ ਸਾਰੇ ਟ੍ਰਾਂਜ਼ੈਕਸ਼ਨ ਦੇ ਕਾਰਨ ਹੋਣ ਵਾਲੇ ਸਾਰੇ ਕਲੇਮ, ਨੁਕਸਾਨ ਅਤੇ ਨਤੀਜਿਆਂ ਲਈ ਉਹ ਖੁਦ ਜ਼ਿੰਮੇਵਾਰ ਹੋਣਗੇ. ਇਨ੍ਹਾਂ ਵੇਰਵਿਆਂ ਦੀ ਦੁਰਵਰਤੋਂ/ਅਣਅਧਿਕਾਰਤ ਵਰਤੋਂ ਦੇ ਨਤੀਜੇ ਵਜੋਂ ਯੂਜਰ ਨੂੰ ਹੋਣ ਵਾਲੇ ਨੁਕਸਾਨ ਲਈ ਬੈਂਕ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ. ਜੇ ਯੂਜ਼ਰ ਜਵਾਬ ਭੁੱਲ ਜਾਂਦਾ ਹੈ, ਤਾਂ ਉਨ੍ਹਾਂ ਨੂੰ ਰੀਸੈੱਟ ਕਰਨ ਲਈ ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ.

**9. ਸ਼ੁਲਕ**

ਬੈਂਕ ਕੋਲ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਦੇ ਤਹਿਤ ਕੋਈ ਵੀ ਸੇਵਾ ਪ੍ਰਦਾਨ ਕਰਨ ਲਈ ਯੂਜਰ ਤੋਂ ਕੋਈ ਵੀ ਨਿਰਧਾਰਤ ਸ਼ੁਲਕ ਵਸੂਲਣ ਅਤੇ ਰਿਕਵਰ ਕਰਨ ਦਾ ਅਧਿਕਾਰ ਹੈ. ਯੂਜ਼ਰ ਇਸ ਰਾਹੀਂ ਬੈਂਕ ਨੂੰ ਯੂਜ਼ਰ ਦੇ ਖਾਤੇ ਨੂੰ ਡੈਬਿਟ ਕਰਕੇ ਜਾਂ ਯੂਜ਼ਰ ਨੂੰ ਬਿਲ ਭੇਜ ਕੇ ਸੇਵਾ ਸ਼ੁਲਕ ਵਸੂਲਣ ਲਈ ਅਧਿਕਾਰਤ ਕਰਦਾ ਹੈ, ਯੂਜ਼ਰ ਇੱਕ ਨਿਰਧਾਰਤ ਅਵਧੀ ਦੇ ਅੰਦਰ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ. ਅਜਿਹਾ ਕਰਨ ਵਿੱਚ ਅਸਫਲ ਹੋਣ ਦੇ ਨਤੀਜੇ ਵਜੋਂ ਬੈਂਕ ਵਲੋਂ ਆਪਣੀ ਮਰਜ਼ੀ ਨਾਲ ਸਰਵਿਸ ਸ਼ੁਲਕ ਵਸੂਲੇ ਜਾਣਗੇ, ਜਿਸ ਵਿੱਚ ਵਿਆਜ, ਜੇ ਕੋਈ ਹੋਵੇ, ਸ਼ਾਮਲ ਹੋਵੇਗਾ ਅਤੇ/ਜਾਂ ਬੈਂਕ ਬਿਨਾਂ ਕਿਸੇ ਜ਼ਿੰਮੇਵਾਰੀ ਤੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਵਾਪਸ ਲੈ ਲਵੇਗਾ.

**10. ਮੇਲਿੰਗ ਐਡਰੈੱਸ**

ਬੈਂਕ ਵਲੋਂ ਕੋਈ ਵੀ ਪੱਤਰ/ ਨਿਰਦੇਸ਼ਾਂ ਦੀ ਡਿਲੀਵਰੀ ਜਾਂ ਹੋਰ ਸੰਚਾਰ, ਸਿਰਫ ਬੈਂਕ ਕੋਲ ਰਜਿਸਟਰਡ ਆਮ ਡਾਕ ਸਬੰਧੀ ਐਡਰੈੱਸ ਅਤੇ/ਜਾਂ ਈ-ਮੇਲ ਐਡਰੈੱਸ 'ਤੇ ਭੇਜਿਆ ਜਾਵੇਗਾ. ਇਸ ਦੀ ਪ੍ਰਾਪਤੀ ਨਾ ਹੋਣ 'ਤੇ ਬੈਂਕ ਨੂੰ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.

**11. ਇੰਟਰਨੈੱਟ ਬੈਂਕਿੰਗ 'ਤੇ ਉਪਲਬਧ ਸੇਵਾਵਾਂ**

ਇੰਟਰਨੈੱਟ ਬੈਂਕਿੰਗ ਕੁਝ ਡਿਫਾਲਟ ਸਹੂਲਤਾਂ ਨਾਲ ਯੂਜ਼ਰ ਨੂੰ ਪ੍ਰਦਾਨ ਕੀਤੀ ਜਾਵੇਗੀ, ਜਿਸ ਲਈ ਅਨੁਬੰਧ । ਵਿੱਚ ਦੱਸੇ ਅਨੁਸਾਰ ਸੈਕਿੰਡ ਫੈਕਟਰ ਪ੍ਰਮਾਣਿਕਤਾ (ਨੈੱਟਸਿਕਿਓਰ) ਦੀ ਲੋੜ ਨਹੀਂ ਹੁੰਦੀ. ਇੰਟਰਨੈੱਟ ਬੈਂਕਿੰਗ ਦੀਆਂ ਸਾਰੀਆਂ ਸਹੂਲਤਾਂ ਦਾ ਲਾਭ ਲੈਣ ਲਈ ਯੂਜ਼ਰ ਨੂੰ ਇੰਟਰਨੈੱਟ ਬੈਂਕਿੰਗ ਵਿੱਚ ਲਾਗ-ਇਨ ਕਰਕੇ ਨੈੱਟਸਿਕਿਓਰ (ਸੈਕੰਡ ਫੈਕਟਰ ਪ੍ਰਮਾਣਿਕਤਾ) ਲਈ ਆਨਲਾਈਨ ਰਜਿਸਟਰ ਕਰਨਾ ਹੋਵੇਗਾ.

**12. ਚੈੱਕ ਬੁੱਕ ਜਾਰੀ ਕਰਨਾ**

ਗਾਹਕ ਚੈੱਕ ਬੁੱਕ ਜਾਰੀ ਕਰਨ ਲਈ ਬੇਨਤੀ ਕਰ ਸਕਦਾ ਹੈ. ਐਨਆਰਆਈ ਗਾਹਕਾਂ ਦੇ ਵਿਦੇਸ਼ੀ ਐਡਰੈੱਸ 'ਤੇ ਚੈੱਕ ਬੁੱਕ ਭੇਜਣ ਲਈ, ਚਾਰਜ ਸ਼ੈਡਿਊਲ ਵਿੱਚ ਦੱਸੇ ਅਨੁਸਾਰ ਅਤੇ ਸਮੇਂ-ਸਮੇਂ 'ਤੇ ਵੈੱਬਸਾਈਟ 'ਤੇ ਅੱਪਡੇਟ ਕੀਤੇ ਗਏ ਕੁਰੀਅਰ ਸ਼ੁਲਕ ਦਾ ਭੁਗਤਾਨ ਗਾਹਕ ਵਲੋਂ ਕੀਤਾ ਜਾਵੇਗਾ.

**ਟ੍ਰਾਂਜ਼ੈਕਸ਼ਨ ਪ੍ਰਕਿਰਿਆ (ਜਿਵੇਂ ਅਤੇ ਜਦੋਂ ਬੈਂਕ ਵਲੋਂ ਸ਼ੁਰੂ ਕੀਤਾ ਜਾਵੇਗਾ)**

- ਤੁਰੰਤ ਵਿੱਤੀ ਟ੍ਰਾਂਜ਼ੈਕਸ਼ਨ ਲਈ ਸਾਰੀਆਂ ਬੇਨਤੀਆਂ ਤੁਰੰਤ ਪ੍ਰਭਾਵੀ ਹੋਣਗੀਆਂ.
- ਯੂਜ਼ਰ ਕਿਸੇ ਵੀ ਟ੍ਰਾਂਜ਼ੈਕਸ਼ਨ 'ਤੇ ਪ੍ਰਕਿਰਿਆ ਕਰਨ/ਇਸ ਨੂੰ ਪ੍ਰਭਾਵੀ ਨਾ ਕਰਨ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਏਗਾ, ਜੇਕਰ ਬੈਂਕ ਨੂੰ ਇਸ ਪ੍ਰਭਾਵ ਲਈ ਨਿਰਦੇਸ਼ ਪ੍ਰਾਪਤ ਨਹੀਂ ਹੁੰਦਾ ਹੈ, ਭਾਵੇਂ ਗਾਹਕ ਵੱਲੋਂ ਇਸ ਨੂੰ ਭੇਜ ਦਿੱਤਾ ਗਿਆ ਹੋਵੇ.

**13. ਡਿਮਾਂਡ ਡ੍ਰਾਫਟ ਜਾਰੀ ਕਰਨਾ***

ਡਿਮਾਂਡ ਡ੍ਰਾਫਟ ਉਨ੍ਹਾਂ ਸਥਾਨਾਂ 'ਤੇ ਜਾਰੀ ਕੀਤਾ ਜਾਵੇਗਾ, ਜਿੱਥੇ ਜਾਂ ਤਾਂ ਬੈਂਕ ਦੀ ਸ਼ਾਖਾ ਹੈ ਜਾਂ ਉਸ ਸਥਾਨ 'ਤੇ ਉਸ ਦੇ ਕੋਰਸਪੈਂਡੈਂਟ ਬੈਂਕ ਨਾਲ ਕੋਈ ਵਿਵਸਥਾ ਕੀਤੀ ਗਈ ਹੈ.

**14. ਫੰਡ ਟ੍ਰਾਂਸਫਰ***

ਯੂਜ਼ਰ, ਸੰਬੰਧਿਤ ਖਾਤੇ ਵਿੱਚ ਲੋੜੀਂਦੇ ਫੰਡ ਤੋਂ ਬਿਨਾਂ ਜਾਂ ਓਵਰਡ੍ਰਾਫਟ ਦੇਣ ਲਈ ਬੈਂਕ ਨਾਲ ਪਹਿਲਾਂ ਤੋਂ ਮੌਜੂਦ ਸਮਝੌਤੇ ਤੋਂ ਬਿਨਾਂ ਫੰਡ ਟ੍ਰਾਂਸਫਰ ਲਈ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਨਹੀਂ ਕਰੇਗਾ ਜਾਂ ਵਰਤੋਂ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ. ਬੈਂਕ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਪ੍ਰਾਪਤ ਅਜਿਹੇ ਫੰਡ ਟ੍ਰਾਂਸਫਰ ਟ੍ਰਾਂਜ਼ੈਕਸ਼ਨ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੇਗਾ, ਬਸ਼ਰਤੇ ਯੂਜ਼ਰ ਦੇ ਖਾਤੇ ਵਿੱਚ ਲੋੜੀਂਦੇ ਫੰਡ ਉਪਲਬਧ ਹੋਣ. ਬੈਂਕ ਸਾਰੇ ਜਾਂ ਕਿਸੇ ਵੀ ਭੁਗਤਾਨ ਵਿੱਚ ਕਿਸੇ ਵੀ ਚੂਕ ਜਾਂ ਬੈਂਕ ਦੇ ਉੱਚਿਤ ਕੰਟਰੋਲ ਤੋਂ ਬਾਹਰ ਦੇ ਹਾਲਾਤਾਂ ਕਾਰਨ ਭੁਗਤਾਨ ਵਿੱਚ ਹੋਈ ਕਿਸੇ ਵੀ ਦੇਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ.

**15. ਬਿਲਾਂ ਦੇ ਭੁਗਤਾਨ***

ਯੂਜ਼ਰ ਨਿਰਧਾਰਤ ਤਾਰੀਖ ਨੂੰ ਬਿਲ ਦੇ ਭੁਗਤਾਨ ਲਈ ਲੋੜੀਂਦੇ ਫੰਡ ਬਰਕਰਾਰ ਰੱਖੇਗਾ. ਬੈਂਕ ਲੋੜੀਂਦੇ ਬੈਲੇਂਸ ਜਾਂ ਬੈਂਕ ਦੇ ਉਚਿਤ ਕੰਟਰੋਲ ਤੋਂ ਬਾਹਰ ਦੇ ਹਾਲਾਤਾਂ, ਜਿਸ ਵਿੱਚ ਕਨੈਕਟੀਵਿਟੀ ਸਬੰਧੀ ਤਕਨੀਕੀ ਸਮੱਸਿਆਵਾਂ, ਕੰਪਿਊਟਰ ਖਰਾਬ ਹੋਣ, ਸੰਚਾਰ ਲਿੰਕ ਉਪਲਬਧ ਨਾ ਹੋਣ ਆਦਿ ਸ਼ਾਮਲ ਹੈ, ਦੇ ਕਾਰਨ ਭੁਗਤਾਨ ਨਾ ਹੋਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ.
ਬੈਂਕ ਕਿਸੇ ਵੀ ਤਰੀਕੇ ਨਾਲ ਨਿਰਧਾਰਿਤ ਸਮੇਂ ਦੇ ਅੰਦਰ ਯੂਜਰ ਦੇ ਬਿਲ ਦਾ ਭੁਗਤਾਨ ਨਾ ਹੋਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਅਤੇ ਯੂਜਰ ਹੀ ਵਿਆਜ, ਜੁਰਮਾਨਾ ਜਾਂ ਅਜਿਹੇ ਕਿਸੇ ਵੀ ਸ਼ੁਲਕ ਦਾ ਭੁਗਤਾਨ ਜਾਂ ਨਿਪਟਾਰਾ ਕਰਨ ਲਈ ਪਾਬੰਦ ਹੋਵੇਗਾ. ਇਸ ਤੋਂ ਇਲਾਵਾ, ਬੈਂਕ ਨੂੰ ਯੂਜਰ ਨੂੰ ਮੁਆਵਜ਼ਾ ਦੇਣ ਲਈ ਨਹੀਂ ਕਿਹਾ ਜਾਵੇਗਾ.
ਵਾਧੂ ਬਿਲਿੰਗ, ਸੇਵਾ ਜਾਂ ਸੁਵਿਧਾ ਦਾ ਬੰਦ ਹੋਣਾ, ਬੈਂਕ ਵਲੋਂ ਗਲਤ ਕ੍ਰੈਡਿਟ ਜਾਂ ਡੈਬਿਟ ਵਰਗੇ ਸਾਰੇ ਵਿਵਾਦ, ਸਿਰਫ ਯੂਜਰ ਵਲੋਂ ਹੱਲ ਕੀਤੇ ਜਾਣਗੇ, ਅਤੇ ਬੈਂਕ ਇਸ ਲਈ ਕਿਸੇ ਵੀ ਤਰੀਕੇ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ.
[* ਇਹ ਸੁਵਿਧਾਵਾਂ ਓਦੋਂ ਲਾਗੂ ਹੋਣਗੀਆਂ ਜਦੋਂ ਇਹ ਬੈਂਕ ਵਲੋਂ ਪੇਸ਼ ਕੀਤੀਆਂ ਜਾਣਗੀਆਂ.]

**16. ਬੈਂਕ ਨੂੰ ਅਧਿਕਾਰ**

- ਯੂਜਰ ਦੇ ਖਾਤੇ ਵਿੱਚ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਟਰਾਂਜੈਕਸ਼ਨ ਦੀ ਆਗਿਆ ਸਿਰਫ ਯੂਜ਼ਰ ਦੇ ਯੂਜ਼ਰ ਆਈਡੀ ਅਤੇ ਪਾਸਵਰਡ ਦੀ ਪ੍ਰਮਾਣਿਕਤਾ ਤੋਂ ਬਾਅਦ ਹੀ ਦਿੱਤੀ ਜਾਵੇਗੀ. ਯੂਜ਼ਰ (ਜੋਆਇੰਟ ਖਾਤਾ ਧਾਰਕ ਦੇ ਨਾਲ, ਜੇ ਕੋਈ ਹੋਵੇ) ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਉਸ ਵਲੋਂ ਕੀਤੇ ਗਏ ਬੈਂਕਿੰਗ ਟ੍ਰਾਂਜ਼ੈਕਸ਼ਨ ਲਈ ਬੈਂਕ ਨੂੰ ਸਪੱਸ਼ਟ ਤੌਰ 'ਤੇ ਅਧਿਕਾਰਤ ਕਰੇਗਾ. ਯੂਜ਼ਰ ਵੱਲੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਪ੍ਰਾਪਤ ਕਿਸੇ ਵੀ ਟ੍ਰਾਂਜ਼ੈਕਸ਼ਨ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਜਾਂ ਯੂਜ਼ਰ ਆਈਡੀ ਅਤੇ ਪਾਸਵਰਡ ਦੀ ਪੁਸ਼ਟੀ ਦੇ ਤਰੀਕਿਆਂ ਨੂੰ ਛੱਡ ਕੇ ਯੂਜ਼ਰ ਵੱਲੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਭੇਜੇ ਗਏ ਕਿਸੇ ਵੀ ਟ੍ਰਾਂਜ਼ੈਕਸ਼ਨ ਦੀ ਪੁਸ਼ਟੀ ਕਰਨ ਲਈ ਬੈਂਕ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ. ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਦੀ ਗੈਰ-ਕਾਨੂੰਨੀ ਜਾਂ ਗਲਤ ਵਰਤੋਂ ਕਰਨ 'ਤੇ, ਯੂਜ਼ਰ ਬੈਂਕ ਵਲੋਂ ਤੈਅ ਕੀਤੇ ਅਨੁਸਾਰ ਵਿੱਤੀ ਖਰਚਿਆਂ ਦੇ ਭੁਗਤਾਨ ਲਈ ਜ਼ਿੰਮੇਵਾਰ ਹੋਵੇਗਾ ਜਾਂ ਇਸ ਦੇ ਨਤੀਜੇ ਵਜੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਸੰਚਾਲਨ ਮੁਅੱਤਲ ਕਰ ਦਿੱਤਾ ਜਾਵੇਗਾ.
- ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੇ ਸੰਚਾਲਨ ਸਮੇਂ ਯੂਜਰ ਜੋ ਡਿਸਪਲੇ ਜਾਂ ਪ੍ਰਿੰਟੇਡ ਆਊਟਪੁੱਟ ਦਿਖਾਉਂਦਾ ਹੈ, ਉਹ ਇੰਟਰਨੈੱਟ ਚਲਾਉਣ ਦਾ ਰਿਕਾਰਡ ਹੈ ਅਤੇ ਇਸ ਨੂੰ ਬੈਂਕ ਦੀ ਸੰਬੰਧਿਤ ਟ੍ਰਾਂਜ਼ੈਕਸ਼ਨ ਦਾ ਰਿਕਾਰਡ ਨਹੀਂ ਮੰਨਿਆ ਜਾਵੇਗਾ. ਕੰਪਿਊਟਰ ਸਿਸਟਮ ਜਾਂ ਹੋਰ ਤਰੀਕੇ ਨਾਲ ਰੱਖੇ ਗਏ ਟ੍ਰਾਂਜ਼ੈਕਸ਼ਨ ਦਾ ਬੈਂਕ ਦੇ ਆਪਣੇ ਟ੍ਰਾਂਜ਼ੈਕਸ਼ਨ ਦਾ ਰਿਕਾਰਡ ਸਾਰੇ ਉਦੇਸ਼ਾਂ ਲਈ ਸਟੀਕ ਅਤੇ ਬੰਧਨਕਾਰੀ ਮੰਨਿਆ ਜਾਵੇਗਾ ਜਦੋਂ ਤੱਕ ਯੂਜਰ ਦੇ ਆਪਣੇ ਖਾਤੇ ਨੂੰ ਐਕਸੈਸ ਕਰਨ ਦੀ ਤਾਰੀਖ ਤੋਂ ਇੱਕ ਹਫਤੇ ਦੇ ਅੰਦਰ ਜਾਂ ਯੂਜਰ ਨੂੰ ਸਮੇਂ-ਸਮੇਂ 'ਤੇ ਸਟੇਟਮੈਂਟ ਭੇਜਣ ਦੀ ਤਾਰੀਖ ਤੋਂ, ਜੋ ਵੀ ਪਹਿਲਾਂ ਹੋਵੇ, ਕੋਈ ਵੀ ਤਰੁੱਟੀ ਨਾ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਹੋਵੇ.

**17. ਜਾਣਕਾਰੀ ਦੀ ਸਟੀਕਤਾ**

- ਯੂਜਰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਰਾਹੀਂ ਜਾਂ ਇਲੈਕਟ੍ਰਾਨਿਕ ਮੇਲ ਜਾਂ ਲਿਖਤੀ ਸੰਚਾਰ ਵਰਗੇ ਕਿਸੇ ਹੋਰ ਤਰੀਕੇ ਰਾਹੀਂ ਬੈਂਕ ਨੂੰ ਦਿੱਤੀ ਗਈ ਜਾਣਕਾਰੀ ਦੀ ਸਟੀਕਤਾ ਲਈ ਜ਼ਿੰਮੇਵਾਰ ਹੈ. ਬੈਂਕ ਯੂਜਰ ਵੱਲੋਂ ਦਿੱਤੀ ਗਈ ਗਲਤ ਜਾਣਕਾਰੀ ਦੇ ਨਤੀਜਿਆਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ. ਯੂਜਰ ਸਮੇਂ-ਸਮੇਂ 'ਤੇ ਸਟੇਟਮੈਂਟ ਦੀ ਸਟੀਕਤਾ ਦੀ ਜਾਂਚ ਕਰੇਗਾ ਅਤੇ ਕਿਸੇ ਵੀ ਵਿਸੰਗਤੀ ਹੋਣ ਦੀ ਸੂਰਤ ਵਿੱਚ ਬੈਂਕ ਨੂੰ ਸੂਚਿਤ ਕਰੇਗਾ.

- ਸਟੇਟਮੈਂਟ ਦੇ ਸਾਰੇ ਆਊਟਪੁੱਟ ਖਾਤੇ ਦੀ ਡੁਪਲੀਕੇਟ ਸਟੇਟਮੈਂਟ ਹਨ ਅਤੇ ਇਹਨਾਂ ਨੂੰ ਇਲੈਕਟ੍ਰਾਨਿਕ ਤਰੀਕਿਆਂ ਰਾਹੀਂ ਤਿਆਰ ਕੀਤਾ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਜਾਣਕਾਰੀ ਬੈਂਕ ਦੇ ਕੰਪਿਊਟਰਾਈਜ਼ਡ ਬੈਕਅੱਪ ਸਿਸਟਮ ਤੋਂ ਲਈ ਜਾਵੇਗੀ. ਹਾਲਾਂਕਿ ਬੈਂਕ ਵੱਲੋਂ ਸਟੇਟਮੈਂਟ ਦੀ ਸਟੀਕਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਢੁੱਕਵੇਂ ਕਦਮ ਚੁੱਕੇ ਜਾਣਗੇ, ਪਰ ਬੈਂਕ ਕਿਸੇ ਵੀ ਤਰੁੱਟੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ. ਜੇਕਰ ਉਪਰੋਕਤ ਆਊਟਪੁੱਟ ਵਿੱਚ ਸ਼ਾਮਲ ਜਾਣਕਾਰੀ ਗਲਤ ਸਾਬਤ ਹੁੰਦੀ ਹੈ, ਤਾਂ ਯੂਜ਼ਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ, ਹਾਨੀ ਆਦਿ ਲਈ ਯੂਜ਼ਰ ਵੱਲੋਂ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.

**18. ਯੂਜ਼ਰ ਦੀ ਜ਼ਿੰਮੇਵਾਰੀ**

ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਖਾਤੇ ਵਿੱਚ ਅਣਅਧਿਕਾਰਤ ਟ੍ਰਾਂਜ਼ੈਕਸ਼ਨ ਤੋਂ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਸਿਰਫ ਯੂਜ਼ਰ ਹੀ ਜ਼ਿੰਮੇਵਾਰ ਹੋਵੇਗਾ, ਜੇਕਰ ਯੂਜ਼ਰ ਨੇ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਹੇਠ ਲਿਖੀਆਂ ਲਾਪਰਵਾਹੀ ਭਰੀਆਂ ਕਾਰਵਾਈਆਂ ਕਾਰਨ ਨੁਕਸਾਨ ਪਹੁੰਚਾਇਆ ਹੈ:

- ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਪਾਸਵਰਡ ਦਾ ਇੱਕ ਲਿਖਤੀ ਜਾਂ ਇਲੈਕਟ੍ਰਾਨਿਕ ਰਿਕਾਰਡ ਰੱਖਣਾ
- ਕਿਸੇ ਵੀ ਨਾਬਾਲਗ, ਬੈਂਕ ਸਟਾਫ ਸਮੇਤ ਕਿਸੇ ਨੂੰ ਵੀ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਪਾਸਵਰਡ ਦੇ ਖੁਲਾਸੇ ਨੂੰ ਰੋਕਣ ਲਈ ਸਾਰੇ ਢੁੱਕਵੇਂ ਕਦਮ ਚੁੱਕਣ ਵਿੱਚ ਅਸਫਲ ਹੋਣਾ ਅਤੇ/ਜਾਂ ਵਾਜਬ ਸਮੇਂ ਦੇ ਅੰਦਰ ਅਜਿਹੇ ਖੁਲਾਸੇ ਬਾਰੇ ਬੈਂਕ ਨੂੰ ਸੂਚਿਤ ਕਰਨ ਵਿੱਚ ਅਸਫਲ ਰਹਿਣਾ.
- ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਖਾਤੇ ਵਿੱਚ ਅਣਅਧਿਕਾਰਤ ਐਕਸੈਸ ਜਾਂ ਗਲਤ ਟ੍ਰਾਂਜ਼ੈਕਸ਼ਨ ਬਾਰੇ ਵਿੱਚ ਉਚਿਤ ਸਮੇਂ ਵਿੱਚ ਬੈਂਕ ਨੂੰ ਸੂਚਿਤ ਨਾ ਕਰਨਾ.
- ਜੇਕਰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਐਕਸੈਸ ਕਿਸੇ ਵੀ ਕਿਸਮ ਦੀ ਕੁਦਰਤੀ ਆਫਤ, ਹੜ੍ਹ, ਅੱਗ ਅਤੇ ਹੋਰ ਕੁਦਰਤੀ ਆਫਤਾਂ, ਕਾਨੂੰਨੀ ਪਾਬੰਦੀਆਂ, ਦੂਰਸੰਚਾਰ ਨੈੱਟਵਰਕ ਜਾਂ ਇੰਟਰਨੈੱਟ ਵਿੱਚ ਨੁਕਸ ਜਾਂ ਨੈੱਟਵਰਕ ਅਸਫਲਤਾ, ਪਾਵਰ ਬ੍ਰੇਕਡਾਊਨ ਜਾਂ ਯੂਪੀਐਸ ਖਰਾਬ ਹੋਣ, ਸਾਫਟਵੇਅਰ ਜਾਂ ਹਾਰਡਵੇਅਰ ਅਸਫਲਤਾ ਅਤੇ/ਜਾਂ ਖਰਾਬੀ ਜਾਂ ਬੈਂਕ ਦੇ ਉਚਿਤ ਕੰਟਰੋਲ ਤੋਂ ਬਾਹਰ ਦੇ ਕਿਸੇ ਹੋਰ ਕਾਰਨ, ਪਰ ਸੀਮਿਤ ਨਹੀਂ ਹੈ, ਉਪਲੱਬਧ ਨਹੀਂ ਹੁੰਦਾ ਤਾਂ ਕਿਸੇ ਵੀ ਸਥਿਤੀ ਵਿੱਚ ਯੂਜ਼ਰ ਵਲੋਂ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ. ਬੈਂਕ ਕਿਸੇ ਵੀ ਤਰ੍ਹਾਂ ਨਾਲ ਯੂਜ਼ਰ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਵਲੋਂ ਖਾਤੇ ਦੀ ਹੈਕਿੰਗ ਦੇ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ, ਜੋ ਅੰਤਰਰਾਸ਼ਟਰੀ ਪੱਧਰ 'ਤੇ ਸਵੀਕਾਰ ਕੀਤੇ ਗਏ 'ਸਾਈਬਰ ਸੰਬੰਧੀ ਅਪਰਾਧ' ਦੀ ਪਰਿਭਾਸ਼ਾ ਅਧੀਨ ਹੋਵੇ. ਬੈਂਕ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ, ਭਾਵੇਂ ਅਜਿਹੇ ਨੁਕਸਾਨ ਸਿੱਧੇ, ਅਸਿੱਧੇ, ਆਕਸਮਿਕ, ਪਰਿਣਾਮੀ ਹੋਣ ਅਤੇ ਭਾਵੇਂ ਕਲੇਮ ਮਾਲੀਏ ਦੇ ਨੁਕਸਾਨ, ਨਿਵੇਸ਼, ਉਤਪਾਦਨ, ਸਦਭਾਵਨਾ, ਲਾਭ, ਕਾਰੋਬਾਰ ਵਿੱਚ ਰੁਕਾਵਟ ਜਾਂ ਕਿਸੇ ਵੀ ਕਿਸਮ ਜਾਂ ਪ੍ਰਕਿਰਤੀ ਦੇ ਕਿਸੇ ਹੋਰ ਨੁਕਸਾਨ 'ਤੇ ਆਧਾਰਿਤ ਹੋਵੇ ਅਤੇ ਭਾਵੇਂ ਯੂਜ਼ਰ ਜਾਂ ਕਿਸੇ ਹੋਰ ਵਿਅਕਤੀ ਵਲੋਂ ਸਹਿਣ ਕੀਤਾ ਗਿਆ ਹੋਵੇ.

**19. ਇੰਡੈਮਨਿਟੀ (ਮੁਆਵਜ਼ਾ)**

ਯੂਜ਼ਰ ਬੈਂਕ ਨੂੰ ਉਹਨਾਂ ਸਾਰੀਆਂ ਕਾਰਵਾਈਆਂ, ਕਲੇਮ, ਮੰਗਾਂ, ਕੰਮਾਂ, ਨੁਕਸਾਨ, ਲਾਗਤ, ਸ਼ੁਲਕ ਅਤੇ ਖਰਚਿਆਂ ਤੋਂ ਸੁਰੱਖਿਅਤ ਰੱਖੇਗਾ, ਜੋ ਬੈਂਕ ਨੂੰ ਕਿਸੇ ਵੀ ਸਮੇਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਪ੍ਰਦਾਨ ਕਰਨ ਦੇ ਨਤੀਜੇ ਵਜੋਂ ਜਾਂ ਯੂਜ਼ਰ ਵਲੋਂ ਦਿੱਤੀ ਗਈ ਕਿਸੇ ਵੀ ਨਿਰਦੇਸ਼ 'ਤੇ ਬੈਂਕ ਵੱਲੋਂ ਚੰਗੀ ਭਾਵਨਾ ਨਾਲ ਕਾਰਵਾਈ ਕਰਨ, ਜਾਂ ਕਾਰਵਾਈ ਕਰਨ ਤੋਂ ਮਨਾ ਕਰਨ, ਜਾਂ ਕਾਰਵਾਈ ਨਾ ਕਰਨ ਦੇ ਕਾਰਨ ਸਹਿਣ ਕਰਨਾ ਪੈ ਸਕਦਾ ਹੈ.

**20. ਨਿੱਜੀ ਜਾਣਕਾਰੀ ਦਾ ਖੁਲਾਸਾ**

ਯੂਜ਼ਰ ਸਹਿਮਤ ਹੈ ਕਿ ਬੈਂਕ ਜਾਂ ਇਸ ਦੇ ਠੇਕੇਦਾਰ ਉਸਦੀ ਨਿੱਜੀ ਜਾਣਕਾਰੀ ਨੂੰ ਕੰਪਿਊਟਰ 'ਤੇ ਜਾਂ ਕਿਸੇ ਹੋਰ ਤਰੀਕੇ ਨਾਲ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੇਵਾਵਾਂ ਦੇ ਨਾਲ-ਨਾਲ ਅੰਕੜਾ ਵਿਸ਼ਲੇਸ਼ਣ ਅਤੇ ਕ੍ਰੈਡਿਟ ਸਕੋਰਿੰਗ ਦੇ ਸੰਬੰਧ ਵਿੱਚ ਰੱਖ ਸਕਦੇ ਹਨ ਅਤੇ ਉਸ 'ਤੇ ਪ੍ਰੋਸੈਸ ਕਰ ਸਕਦੇ ਹਨ. ਯੂਜ਼ਰ ਇਸ ਗੱਲ ਨਾਲ ਵੀ ਸਹਿਮਤ ਹੁੰਦਾ ਹੈ ਕਿ ਬੈਂਕ, ਪੂਰੀ ਗੋਪਨੀਯਤਾ ਨਾਲ, ਹੋਰ ਸੰਸਥਾਵਾਂ ਨੂੰ ਅਜਿਹੀ ਨਿੱਜੀ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ ਜੋ ਹੇਠਾਂ ਦਿੱਤੇ ਕਾਰਨਾਂ ਸਮੇਤ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ, ਉੱਚਿਤ ਰੂਪ ਵਿੱਚ ਜ਼ਰੂਰੀ ਹੋ ਸਕਦੀ ਹੈ:

- ਕਿਸੇ ਵੀ ਟੈਲੀਕਮਨੀਕੇਸ਼ਨ ਜਾਂ ਇਲੈਕਟ੍ਰਾਨਿਕ ਕਲੀਅਰਿੰਗ ਨੈੱਟਵਰਕ ਵਿੱਚ ਹਿੱਸਾ ਲੈਣ ਲਈ.
- ਕਾਨੂੰਨੀ ਨਿਰਦੇਸ਼ਾਂ ਦੀ ਪਾਲਣਾ ਵਿੱਚ.
- ਮਾਨਤਾ ਪ੍ਰਾਪਤ ਕ੍ਰੈਡਿਟ ਰੇਟਿੰਗ/ਸਕੋਰਿੰਗ ਏਜੰਸੀਆਂ ਦੁਆਰਾ ਕ੍ਰੈਡਿਟ ਰੇਟਿੰਗ ਲਈ.
- ਧੋਖਾਧੜੀ-ਰੋਕਣ ਦੇ ਉਦੇਸ਼ਾਂ ਲਈ.

## 21. ਬੈਂਕ ਦਾ ਲਿਅਨ

ਬੈਂਕ ਕੋਲ, ਯੂਜਰ ਦੇ ਖਾਤੇ ਵਿਚ ਜਮਾਂ ਰਕਮ, ਭਾਵੇਂ ਉਹ ਭਾਵੇਂ ਸਿੰਗਲ ਨਾਮ 'ਤੇ ਹੋਵੇ ਜਾਂ ਜੋਆਇੰਟ ਨਾਮ 'ਤੇ, ਉੱਤੇ ਲਗਾਏ ਕਿਸੇ ਦੂਸਰੇ ਲਿਅਨ ਜਾਂ ਚਾਰਜ ਦੇ ਬਾਵਜੂਦ, ਭਵਿੱਖ ਵਿੱਚ ਹੋਣ ਵਾਲੇ ਸਾਰੇ ਬਕਾਇਆ ਦੀ ਸੀਮਾ ਤੱਕ, ਸੈੱਟ-ਆਫ ਅਤੇ ਲਿਅਨ ਦਾ ਅਧਿਕਾਰ ਹੋਵੇਗਾ, ਭਾਵੇਂ ਉਹ ਯੂਜਰ ਨੂੰ ਦਿੱਤੀ ਗਈ ਜਾਂ ਉਸ ਵੱਲੋਂ ਵਰਤੀ ਗਈ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੇਵਾ ਦੇ ਨਤੀਜੇ ਵਜੋਂ ਪੈਦਾ ਹੋਣ.

## 22. ਮਾਲਿਕਾਨਾ ਹੱਕ

- ਯੂਜਰ ਸਵੀਕਾਰ ਕਰਦਾ ਹੈ ਕਿ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੇਵਾ ਦੇ ਨਾਲ-ਨਾਲ ਇੰਟਰਨੈੱਟ ਸੰਬੰਧਿਤ ਹੋਰ ਸਾਫਟਵੇਅਰ ਜੋ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਨੂੰ ਐਕਸੈਸ ਕਰਨ ਕਰਨ ਲਈ ਲੋੜੀਂਦੇ ਹਨ, ਸੰਬੰਧਿਤ ਵਿਕਰੇਤਾਵਾਂ ਦੀ ਕਾਨੂੰਨੀ ਸੰਪੱਤੀ ਹਨ. ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਨੂੰ ਐਕਸੈਸ ਕਰਨ ਲਈ ਬੈਂਕ ਵਲੋਂ ਦਿੱਤੀ ਗਈ ਮਨਜ਼ੂਰੀ ਨਾਲ ਉਪਰੋਕਤ ਸਾਫਟਵੇਅਰ ਵਿੱਚ ਕੋਈ ਵੀ ਮਲਕੀਅਤ ਦਾ ਅਧਿਕਾਰ ਨਹੀਂ ਮਿਲੇਗਾ. ਯੂਜ਼ਰ ਕਿਸੇ ਵੀ ਤਰੀਕੇ ਨਾਲ ਉਕਤ ਪ੍ਰੋਗਰਾਮ ਨੂੰ ਬਦਲਣ/ ਛੇੜਛਾੜ ਕਰਨ ਜਾਂ ਕੋਈ ਪ੍ਰਯੋਗ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ. ਯੂਜਰ ਵੱਲੋਂ ਕੀਤੀ ਕਿਸੇ ਵੀ ਉਲੰਘਣਾ ਲਈ ਉਸ ਵਿਰੁੱਧ ਉਚਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਬੈਂਕ ਨੂੰ ਹੋਣ ਵਾਲੇ ਨੁਕਸਾਨ ਲਈ ਯੂਜਰ ਜ਼ਿੰਮੇਵਾਰ ਹੋਵੇਗਾ.
- ਯੂਜ਼ਰ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੇ ਅਧੀਨ ਸਾਫਟਵੇਅਰ ਨੂੰ ਸੰਸ਼ੋਧਿਤ, ਅਨੁਵਾਦ, ਡੀਸੈਂਬਲ, ਡੀਕੰਪਾਇਲ ਜਾਂ ਰਿਵਰਸ ਇੰਜੀਨੀਅਰ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ ਜਾਂ ਸਾਫਟਵੇਅਰ ਦੇ ਆਧਾਰ 'ਤੇ ਕੋਈ ਵੀ ਡੈਰੀਵੇਟਿਵ ਪ੍ਰੋਡਕਟ ਨਹੀਂ ਬਣਾਏਗਾ.

## 23. ਨਿਯਮ ਅਤੇ ਸ਼ਰਤਾਂ ਵਿੱਚ ਬਦਲਾਵ

ਬੈਂਕ ਕੋਲ ਕਿਸੇ ਵੀ ਵੇਲੇ ਕਿਸੇ ਵੀ ਸ਼ਰਤ ਨੂੰ ਸੋਧਣ ਜਾਂ ਇਸ ਵਿੱਚ ਕੁਝ ਸ਼ਾਮਲ ਕਰਨ ਦਾ ਪੂਰਾ ਅਧਿਕਾਰ ਹੈ, ਬੈਂਕ ਸਮੇਂ-ਸਮੇਂ 'ਤੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਵਿੱਚ ਨਵੀਆਂ ਸੇਵਾਵਾਂ ਪੇਸ਼ ਕਰ ਸਕਦਾ ਹੈ. ਨਵੇਂ ਫੰਕਸ਼ਨ ਦੀ ਮੌਜੂਦਗੀ ਅਤੇ ਉਪਲਬਧਤਾ ਬਾਰੇ ਯੂਜ਼ਰ ਨੂੰ ਉਦੋਂ ਸੂਚਿਤ ਕੀਤਾ ਜਾਵੇਗਾ ਜਦੋਂ ਇਹ ਉਪਲਬਧ ਹੋਣਗੇ. ਇਨ੍ਹਾਂ ਨਵੀਆਂ ਸੇਵਾਵਾਂ ਦੀ ਵਰਤੋਂ ਕਰਕੇ, ਯੂਜ਼ਰ www.axisbank.com ਵੈੱਬਸਾਈਟ 'ਤੇ ਸਮੇਂ-ਸਮੇਂ 'ਤੇ ਨਿਰਧਾਰਤ ਕੀਤੀਆਂ ਅਤੇ ਲਾਗੂ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਲਈ ਸਹਿਮਤ ਹੁੰਦਾ ਹੈ

## 24. ਨਾਨ-ਟ੍ਰਾਂਸਫਰਬਿਲੀਟੀ

ਇੱਕ ਯੂਜਰ ਨੂੰ ਦਿੱਤੀ ਗਈ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਸੁਵਿਧਾ ਟ੍ਰਾਂਸਫਰ ਯੋਗ ਨਹੀਂ ਹੈ ਅਤੇ ਸਿਰਫ ਯੂਜਰ ਵਲੋਂ ਹੀ ਵਰਤੀ ਜਾਵੇਗੀ.

## 25. ਨੋਟਿਸ

ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਧੀਨ ਬੈਂਕ ਅਤੇ ਯੂਜ਼ਰ ਹੇਠ ਲਿਖੇ ਤਰੀਕਿਆਂ ਨਾਲ ਸੂਚਨਾਵਾਂ ਦੇ ਸਕਦੇ ਹਨ:

- ਇਲੈਕਟ੍ਰਾਨਿਕ ਤੌਰ 'ਤੇ ਕਿਸੇ ਵੀ ਪਾਰਟੀ ਦੇ ਮੇਲਬਾਕਸ 'ਤੇ. ਅਜਿਹੀਆਂ ਸੂਚਨਾਵਾਂ ਲਿਖਤੀ ਰੂਪ ਵਿੱਚ ਹੀ ਮੰਨੀਆਂ ਜਾਣਗੀਆਂ.
- ਲਿਖਤੀ ਰੂਪ ਵਿੱਚ ਉਨ੍ਹਾਂ ਨੂੰ ਖੁਦ ਜਾ ਕੇ ਡਿਲੀਵਰ ਕੀਤਾ ਜਾ ਸਕਦਾ ਹੈ ਜਾਂ ਯੂਜ਼ਰ ਵਲੋਂ ਦਿੱਤੇ ਗਏ ਐਡਰੈੱਸ 'ਤੇ ਪੋਸਟ ਰਾਹੀਂ ਭੇਜਿਆ ਜਾ ਸਕਦਾ ਹੈ ਅਤੇ ਬੈਂਕ ਦੇ ਮਾਮਲੇ ਵਿੱਚ ਹੇਠਾਂ ਦੱਸੇ ਗਏ ਐਡਰੈੱਸ 'ਤੇ ਭੇਜਿਆ ਜਾ ਸਕਦਾ ਹੈ: ਐਕਸਿਸ ਬੈਂਕ ਲਿਮਿਟੇਡ, ਸੈਂਟ੍ਰਲ ਆਫਿਸ, ਮੇਕਰ ਟਾਵਰਸ 'ਐਫ', 13th ਫਲੋਰ, ਕੱਫ ਪਰੇਡ, ਕੋਲਾਬਾ, ਮੁੰਬਈ - 400 005

  ਇਸ ਤੋਂ ਇਲਾਵਾ, ਬੈਂਕ ਆਪਣੀ ਵੈੱਬਸਾਈਟ 'ਤੇ ਆਮ ਪ੍ਰਕਿਰਤੀ ਦੇ ਨੋਟਿਸ ਵੀ ਪ੍ਰਕਾਸ਼ਿਤ ਕਰ ਸਕਦਾ ਹੈ, ਜੋ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੇ ਸਾਰੇ ਯੂਜਰ 'ਤੇ ਲਾਗੂ ਹੁੰਦੇ ਹਨ. ਅਜਿਹੇ ਨੋਟਿਸ ਦਾ ਓਹੀ ਪ੍ਰਭਾਵ ਹੋਵੇਗਾ ਜੋ ਹਰੇਕ ਯੂਜ਼ਰ ਨੂੰ ਵਿਅਕਤੀਗਤ ਤੌਰ 'ਤੇ ਦਿੱਤੇ ਗਏ ਨੋਟਿਸ ਦਾ ਹੁੰਦਾ ਹੈ ਅਤੇ ਜਾਂ ਪ੍ਰਿੰਟ ਮੀਡੀਆ ਦੇ ਅਖਬਾਰ ਵਿੱਚ ਪ੍ਰਕਾਸ਼ਿਤ ਨੋਟਿਸ ਦਾ ਹੁੰਦਾ ਹੈ.

## 26. ਪ੍ਰਬੰਧਕ ਕਾਨੂੰਨ

ਯੂਜਰ ਸਹਿਮਤ ਹੈ ਕਿ ਬੈਂਕ ਜਾਂ ਇਸ ਦੇ ਠੇਕੇਦਾਰ ਉਸਦੀ ਨਿੱਜੀ ਜਾਣਕਾਰੀ ਨੂੰ ਕੰਪਿਊਟਰ 'ਤੇ ਜਾਂ ਕਿਸੇ ਹੋਰ ਤਰੀਕੇ ਨਾਲ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੇਵਾਵਾਂ ਦੇ ਨਾਲ-ਨਾਲ ਅੰਕੜਾ ਵਿਸ਼ਲੇਸ਼ਣ ਅਤੇ ਕ੍ਰੈਡਿਟ ਸਕੋਰਿੰਗ ਦੇ ਸੰਬੰਧ ਵਿੱਚ ਰੱਖ ਸਕਦੇ ਹਨ ਅਤੇ ਉਸ 'ਤੇ ਪ੍ਰੋਸੈਸ ਕਰ ਸਕਦੇ ਹਨ. ਯੂਜ਼ਰ ਇਸ ਗੱਲ ਨਾਲ ਵੀ ਸਹਿਮਤ ਹੁੰਦਾ ਹੈ ਕਿ ਬੈਂਕ, ਪੂਰੀ ਗੋਪਨੀਯਤਾ ਨਾਲ, ਹੋਰ ਸੰਸਥਾਵਾਂ ਨੂੰ ਅਜਿਹੀ ਨਿੱਜੀ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ ਜੋ ਹੇਠਾਂ ਦਿੱਤੇ ਕਾਰਨਾਂ ਸਮੇਤ, ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹੈ, ਉੱਚਿਤ ਰੂਪ ਵਿੱਚ ਜ਼ਰੂਰੀ ਹੋ ਸਕਦੀ ਹੈ:

- ਯੂਜ਼ਰ ਬੈਂਕ ਨੂੰ ਘੱਟੋ-ਘੱਟ 15 ਦਿਨਾਂ ਦੀ ਲਿਖਤੀ ਸੂਚਨਾ ਦੇ ਕੇ ਕਿਸੇ ਵੀ ਵੇਲੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਨੂੰ ਸਮਾਪਤ ਕਰਨ ਦੀ ਬੇਨਤੀ ਕਰ ਸਕਦਾ ਹੈ. ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਨੂੰ ਰੱਦ ਕਰਨ ਤੋਂ ਪਹਿਲਾਂ ਯੂਜ਼ਰ ਵੱਲੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਆਪਣੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਖਾਤੇ 'ਤੇ ਕੀਤੇ ਗਏ ਕਿਸੇ ਵੀ ਟ੍ਰਾਂਜ਼ੈਕਸ਼ਨ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ.
- ਯੂਜ਼ਰ ਅਤੇ ਬੈਂਕ ਦਰਮਿਆਨ ਪੈਦਾ ਹੋਣ ਵਾਲਾ ਕੋਈ ਵੀ ਵਿਵਾਦ ਜਾਂ ਮੱਤਭੇਦ ਆਪਸੀ ਗੱਲਬਾਤ/ਚਰਚਾ ਰਾਹੀਂ ਸੁਲਝਾਇਆ ਜਾਵੇਗਾ, ਜੇ ਅਜਿਹਾ ਨਹੀਂ ਹੁੰਦਾ, ਤਾਂ ਇਸ ਨੂੰ ਆਰਬਿਟਰੇਸ਼ਨ ਕੋਲ ਭੇਜਿਆ ਜਾਵੇਗਾ. ਆਰਬਿਟਰੇਸ਼ਨ ਦੀ ਕਾਰਵਾਈ ਇੰਡੀਅਨ ਆਰਬਿਟਰੇਸ਼ਨ ਐਂਡ ਕੰਸੀਲੀਏਸ਼ਨ ਐਕਟ, 1998 ਅਨੁਸਾਰ ਕੀਤੀ ਜਾਵੇਗੀ ਅਤੇ ਆਰਬੀਟ੍ਰੇਸ਼ਨ ਦੀ ਕਾਰਵਾਈ ਮੁੰਬਈ ਵਿਖੇ ਕੀਤੀ ਜਾਵੇਗੀ.
- ਬੈਂਕ, ਭਾਰਤ ਗਣਰਾਜ ਤੋਂ ਇਲਾਵਾ ਕਿਸੇ ਹੋਰ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਨਾ ਕਰਨ ਜਾਂ ਉਲੰਘਣਾ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵੀ ਜ਼ਿੰਮੇਵਾਰੀ ਨੂੰ ਸਵੀਕਾਰ ਨਹੀਂ ਕਰਦਾ. ਸਿਰਫ ਇੱਕ ਤੱਥ ਕਿ ਯੂਜਰ ਵਲੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੇਵਾ ਨੂੰ ਭਾਰਤ ਤੋਂ ਇਲਾਵਾ ਹੋਰ ਦੇਸ਼ ਵਿੱਚ ਇੰਟਰਨੈੱਟ ਰਾਹੀਂ ਐਕਸੈਸ ਕੀਤਾ ਜਾ ਸਕਦਾ ਹੈ, ਇਸ ਦਾ ਮਤਲਬ ਇਹ ਨਹੀਂ ਹੈ ਕਿ ਉਕਤ ਦੇਸ਼ ਦੇ ਕਾਨੂੰਨ ਯੂਜਰ ਦੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਖਾਤੇ ਅਤੇ/ਜਾਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਸਬੰਧੀ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਤੇ/ਜਾਂ ਸੰਚਾਲਨ ਨੂੰ ਕੰਟਰੋਲ ਕਰਨਗੇ. ਜੇ ਕੋਈ ਵਿਅਕਤੀ ਭਾਰਤ ਤੋਂ ਇਲਾਵਾ ਕਿਸੇ ਹੋਰ ਸਥਾਨ ਤੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਦੀ ਵਰਤੋਂ ਕਰਦਾ ਹੈ, ਤਾਂ ਸਥਿਤੀ ਵਿੱਚ ਕੋਈ ਬਦਲਾਵ ਨਹੀਂ ਹੋਵੇਗਾ ਅਤੇ ਉਸ ਯੂਜਰ 'ਤੇ ਭਾਰਤ ਗਣਰਾਜ ਦੇ ਕਾਨੂੰਨ ਲਾਗੂ ਹੋਣਗੇ

**27. ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਦੀ ਸਮਾਪਤੀ**

- ਯੂਜ਼ਰ ਬੈਂਕ ਨੂੰ ਘੱਟੋ-ਘੱਟ 15 ਦਿਨਾਂ ਦੀ ਲਿਖਤੀ ਸੂਚਨਾ ਦੇ ਕੇ ਕਿਸੇ ਵੀ ਵੇਲੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਨੂੰ ਸਮਾਪਤ ਕਰਨ ਦੀ ਬੇਨਤੀ ਕਰ ਸਕਦਾ ਹੈ. ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਨੂੰ ਰੱਦ ਕਰਨ ਤੋਂ ਪਹਿਲਾਂ ਯੂਜ਼ਰ ਵੱਲੋਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਰਾਹੀਂ ਆਪਣੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਖਾਤੇ 'ਤੇ ਕੀਤੇ ਗਏ ਕਿਸੇ ਵੀ ਟ੍ਰਾਂਜ਼ੈਕਸ਼ਨ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ.
- ਬੈਂਕ ਕਿਸੇ ਵੀ ਵੇਲੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾ ਨੂੰ ਵਾਪਸ ਲੈ ਸਕਦਾ ਹੈ, ਬਸ਼ਰਤੇ ਯੂਜ਼ਰ ਨੂੰ ਹਰ ਹਾਲਤ ਵਿੱਚ ਉਚਿਤ ਨੋਟਿਸ ਦਿੱਤਾ ਜਾਂਦਾ ਹੈ
- ਯੂਜਰ ਵਲੋਂ ਸਾਰੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਖਾਤਿਆਂ ਨੂੰ ਬੰਦ ਕਰਨ ਨਾਲ ਸੁਵਿਧਾ ਆਟੋਮੈਟਿਕਲੀ ਸਮਾਪਤ ਹੋ ਜਾਵੇਗੀ
- ਜੇਕਰ ਯੂਜਰ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਜਾਂ ਬੈਂਕ ਨੂੰ ਯੂਜਰ ਦੀ ਮੌਤ, ਦਿਵਾਲੀਆਪਨ ਜਾਂ ਕਾਨੂੰਨੀ ਅਸਮਰੱਥਾ ਬਾਰੇ ਪਤਾ ਲੱਗਦਾ ਹੈ ਤਾਂ ਬੈਂਕ ਬਿਨਾਂ ਕਿਸੇ ਪੂਰਵ ਸੂਚਨਾ ਦੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਸੁਵਿਧਾਵਾਂ ਨੂੰ ਮੁਅੱਤਲ ਜਾਂ ਰੱਦ ਕਰ ਸਕਦਾ ਹੈ.

**28. ਜਨਰਲ**

ਇਸ ਸਮਝੌਤੇ ਵਿੱਚ ਕਲਾਜ਼ ਹੈਡਿੰਗ ਸਿਰਫ ਸੁਵਿਧਾ ਲਈ ਹਨ ਅਤੇ ਸੰਬੰਧਿਤ ਕਲਾਜ਼ ਦੇ ਅਰਥ ਨੂੰ ਪ੍ਰਭਾਵਿਤ ਨਹੀਂ ਕਰਦੇ. ਯੂਜ਼ਰ ਇਹ ਸਮਝੌਤਾ ਕਿਸੇ ਹੋਰ ਨੂੰ ਨਹੀਂ ਸੌਂਪੇਗਾ. ਬੈਂਕ ਇਸ ਸਮਝੌਤੇ ਤਹਿਤ ਆਪਣੀ ਕਿਸੇ ਵੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਸਬ-ਕੰਟਰੈਕਟ ਕਰ ਸਕਦਾ ਹੈ ਅਤੇ ਏਜੰਟ ਨੂੰ ਨਿਯੁਕਤ ਕਰ ਸਕਦਾ ਹੈ.

**29. ਅਪ੍ਰਤਆਸ਼ਿਤ ਘਟਨਾ (ਫੋਰਸ ਮੈਜੂਰ)**

ਇਸ ਵਿੱਚ ਸ਼ਾਮਲ ਕਿਸੇ ਵੀ ਉਲਟ ਉਪਬੰਧ ਦੇ ਬਾਵਜੂਦ, ਬੈਂਕ ਕਿਸੇ ਵੀ ਸਥਿਤੀ ਵਿੱਚ ਇਸ ਸਮਝੌਤੇ ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਕਿਸੇ ਵੀ ਅਸਫਲਤਾ ਜਾਂ ਦੇਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜੇ ਅਜਿਹੀ ਅਸਫਲਤਾ ਕੁਦਰਤੀ ਘਟਨਾ, ਹੜ੍ਹ, ਸੋਕਾ, ਭੂਚਾਲ, ਭੂਚਾਲ, ਹਰਿਕੇਨ, ਚੱਕਰਵਾਤ, ਟਾਈਫੂਨ, ਮਹਾਂਮਾਰੀ, ਅਕਾਲ, ਅੱਗ, ਵਿਸਫੋਟ, ਦੰਗੇ ਜਾਂ ਸਿਵਲ ਗੜਬੜੀ, ਯੁੱਧ (ਘੋਸ਼ਿਤ ਜਾਂ ਗੈਰ-ਘੋਸ਼ਿਤ), ਜਨਤਕ ਦੁਸ਼ਮਣੀ ਸੰਬੰਧੀ ਕਾਰਵਾਈ, ਅੱਤਵਾਦੀ ਕਾਰਵਾਈ, ਮਿਲਟਰੀ ਕਾਰਵਾਈ, ਸਰਕਾਰ/ਰੈਗੂਲੇਟਰੀ ਆਰਡਰ/ਨੋਟੀਫਿਕੇਸ਼ਨ ਰਾਹੀਂ ਘੋਸ਼ਿਤ ਲਾਕਡਾਊਨ, ਸਰਕਾਰ/ਹੋਰ ਅਥਾਰਟੀਆਂ ਦੀਆਂ ਕਾਰਵਾਈਆਂ, ਅਦਾਲਤ ਦੇ ਹੁਕਮ, ਜਾਂ ਉਦਯੋਗ-ਵਿਆਪੀ/ਖੇਤਰ-ਵਿਆਪੀ/ਦੇਸ਼-ਵਿਆਪੀ ਹੜਤਾਲ, ਲਾਕਆਊਟ, ਵਰਕ-ਟੂ-ਰੂਲ ਐਕਸ਼ਨ, ਗੋ ਸਲੋਅ ਜਾਂ ਅਜਿਹੀਆਂ ਕਿਰਤੀ ਕਾਰਵਾਈਆਂ, ਬਿਜਲੀ ਜਾਂ ਹੋਰ ਸਪਲਾਈ ਦੀ ਆਮ ਅਸਫਲਤਾ, ਤਕਨੀਕੀ ਅਸਫਲਤਾ, ਐਕਸੀਡੈਂਟਲ ਜਾਂ ਮਕੈਨੀਕਲ ਜਾਂ ਇਲੈਕਟ੍ਰੀਕਲ ਖਰਾਬੀ, ਕੰਪਿਊਟਰ/ਨੈੱਟਵਰਕ ਦੀ ਅਸਫਲਤਾ ਜਾਂ ਕਿਸੇ ਵੀ ਮਨੀ ਟਰਾਂਸਫਰ ਜਾਂ ਪੇਮੈਂਟ ਗੇਟਵੇ ਜਾਂ ਕੋਰ ਬੈਂਕਿੰਗ ਸਿਸਟਮ ਦੀ ਅਸਫਲਤਾ, ਤਕਨੀਕੀ ਖਾਮੀਆਂ, ਜਾਂ ਬੈਂਕ ਦੇ ਉੱਚਿਤ ਕੰਟਰੋਲ ਤੋਂ ਬਾਹਰ ਵਾਲੀਆਂ

ਹੋਰ ਸਥਿਤੀਆਂ ਕਾਰਨ ਵਾਪਰਦੀ ਹੈ ("**ਫੋਰਸ ਮੈਜਿਓਰ ਇਵੈਂਟ**"). ਬੈਂਕ ਆਪਣੀ ਮਰਜ਼ੀ ਅਨੁਸਾਰ ਫੋਰਸ ਮੈਜਿਓਰ ਇਵੈਂਟ ਦੌਰਾਨ ਸੇਵਾਵਾਂ ਦੇਣਾ ਜਾਰੀ ਰੱਖ ਸਕਦਾ ਹੈ ਜਾਂ ਸੇਵਾਵਾਂ ਨੂੰ ਮੁਅੱਤਲ ਜਾਂ ਸਮਾਪਤ ਕਰ ਸਕਦਾ ਹੈ.

**30. ਇੰਡੈਮਨਿਟੀ (ਮੁਆਵਜ਼ਾ)**

ਐਕਸਿਸ ਬੈਂਕ ਵੱਲੋਂ ਗਾਹਕ ਨੂੰ ਸੇਵਾਵਾਂ ਅਤੇ ਐਕਸੈਸ ਬੈਂਕ ਇੰਟਰਨੈਟ ਬੈਂਕਿੰਗ ਐਪਲੀਕੇਸ਼ਨ ਅਤੇ/ਜਾਂ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਮਤ ਹੋਣ 'ਤੇ, ਗਾਹਕ ਆਪਣੇ ਖਰਚੇ 'ਤੇ, ਐਕਸਿਸ ਬੈਂਕ, ਇਸਦੇ ਸਹਿਯੋਗੀ, ਸਹਾਇਕ ਕੰਪਨੀਆਂ ਅਤੇ ਉਨ੍ਹਾਂ ਦੇ ਸੰਬੰਧਿਤ ਕਰਮਚਾਰੀਆਂ, ਨਿਰਦੇਸ਼ਕਾਂ, ਸਲਾਹਕਾਰਾਂ, ਏਜੰਟਾਂ, ਸਲਾਹਕਾਰਾਂ, ਉੱਤਰਾਧਿਕਾਰੀਆਂ, ਪ੍ਰਤੀਨਿਧੀਆਂ, ਅਤੇ/ਜਾਂ ਨਿਯੁਕਤੀਆਂ (ਜਿਸ ਨੂੰ ਬਾਅਦ ਵਿੱਚ "**ਮੁਆਵਜ਼ਾ ਪ੍ਰਾਪਤ ਕਰਤਾ**" ਵਜੋਂ ਜਾਣਿਆ ਜਾਂਦਾ ਹੈ) ਨੂੰ ਸਮੇਂ-ਸਮੇਂ 'ਤੇ ਅਤੇ ਹਰ ਸਮੇਂ ਪੂਰੀ ਤਰ੍ਹਾਂ ਅਤੇ ਬਿਨਾਂ ਕਿਸੇ ਸੀਮਾ ਦੇ ਸਾਰੇ ਸਿੱਧੇ ਅਤੇ/ਜਾਂ ਅਸਿੱਧੇ (ਤੀਜੀ ਧਿਰ ਸਮੇਤ) ਦਾਅਵਿਆਂ, ਲਾਗਤਾਂ, ਨੁਕਸਾਨਾਂ, ਮੰਗਾਂ, ਮੁਕੱਦਮਿਆਂ, ਕਾਰਵਾਈਆਂ, ਕੰਮਾਂ, ਖਰਚਿਆਂ, ਜੁਰਮਾਨੇ, ਨੁਕਸਾਨ, ਦੇਣਦਾਰੀਆਂ, ਮੁਆਵਜ਼ਾ, ਧਮਕੀਆਂ, ਜੁਰਮਾਨੇ ਅਤੇ/ਜਾਂ ਮੁਕੱਦਮੇਬਾਜ਼ੀ, ਜਿਸ ਵਿੱਚ ਵਕੀਲ ਦੀ ਲਾਗਤ/ਖਰਚ ("**ਨੁਕਸਾਨ**") ਸ਼ਾਮਲ ਹੈ, ਲਈ ਮੁਆਵਜਾ ਦੇਵੇਗਾ, ਸੁਰੱਖਿਅਤ ਅਤੇ ਹਾਨੀਰਹਿਤ ਰੱਖੇਗਾ, ਜੋ ਮੁਆਵਜਾ ਪ੍ਰਾਪਤਕਰਤਾ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਸੇਵਾਵਾਂ ਦੀ ਵਰਤੋਂ ਅਤੇ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਐਪਲੀਕੇਸ਼ਨ ਸੇਵਾਵਾਂ ਦੀ ਵਰਤੋਂ ਰਾਹੀਂ ਕੀਤੀ ਗਈ ਕਿਸੀ ਵੀ ਅਤੇ ਸਾਰੀਆਂ ਟ੍ਰਾਂਜ਼ੈਕਸ਼ਨ ਕਾਰਨ ਪੈਦਾ ਹੋਣ ਵਾਲੇ ਜਾਂ ਉਸ ਨਾਲ ਸਬੰਧਤ ਨੁਕਸਾਨ ਕਾਰਨ ਹੋਏ ਹਨ, ਅਤੇ/ਜਾਂ ਗਾਹਕ ਦੇ ਜਾਣਕਾਰੀ ਨਾਲ ਜਾਂ ਬਿਨਾਂ, ਜਾਂ ਭਾਵੇਂ ਇਹ ਟ੍ਰਾਂਜ਼ੈਕਸ਼ਨ ਸਦਭਾਵਨਾ ਨਾਲ ਕੀਤੇ ਗਏ ਹਨ ਜਾਂ ਫਿਰ ਜਿਹਨਾਂ ਨੂੰ ਗਾਹਕ ਇਸ ਰਾਹੀਂ ਦੁਆਰਾ ਸਵੀਕਾਰ ਕਰਦਾ ਹੈ ਕਿ ਮੁਆਵਜ਼ਾ ਪ੍ਰਾਪਤਕਰਤਾ ਨੇ ਗਾਹਕ ਦੇ ਟ੍ਰਾਂਜ਼ੈਕਸ਼ਨ ਨਿਰਦੇਸ਼ਾਂ ਅਤੇ ਗਾਹਕ ਦੇ ਅਧਿਕਾਰ ਮੁਤਾਬਕ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਅਤੇ ਹੋਰ ਲਾਗੂ ਖਾਸ ਨਿਯਮਾਂ ਅਤੇ ਸ਼ਰਤਾਂ, ਜਿਵੇਂ ਵੀ ਮਾਮਲਾ ਹੋਵੇ, ਅਨੁਸਾਰ ਪ੍ਰਕਿਰਿਆ ਕੀਤੀ ਹੈ. ਗਾਹਕ ਅੱਗੇ ਸਹਿਮਤ ਹੁੰਦਾ ਹੈ ਅਤੇ ਪੁਸ਼ਟੀ ਕਰਦਾ ਹੈ ਕਿ ਇਹ ਮੁਆਵਜ਼ਾ ਅੰਸ਼ਕ ਤੌਰ 'ਤੇ ਸੇਵਾਵਾਂ ਵਾਪਸ ਲੈਣ ਦੇ ਬਾਵਜੂਦ ਵੀ ਵੈਧ ਅਤੇ ਜਾਰੀ ਰਹੇਗਾ ਅਤੇ ਗਾਹਕ 'ਤੇ ਲਾਗੂ ਰਹੇਗਾ. ਗਾਹਕ ਇਸ ਰਾਹੀਂ ਸਹਿਮਤੀ ਹੈ ਕਿ ਉਹ ਮੁਆਵਜਾ ਪ੍ਰਾਪਤਕਰਤਾ ਨੂੰ ਮੰਗ ਅਨੁਸਾਰ ਅਜਿਹੀ ਰਕਮ ਦਾ ਭੁਗਤਾਨ ਕਰੇਗਾ, ਜੋ ਮੁਆਵਜਾ ਪ੍ਰਾਪਤਕਰਤਾ ਖੁਦ ਨਿਰਧਾਰਤ ਕਰੇਗਾ, ਜੋ ਕਿਸੇ ਵੀ ਨੁਕਸਾਨ ਦੇ ਭੁਗਤਾਨ ਦੀ ਭਰਪਾਈ ਲਈ ਕਾਫੀ ਹੈ, ਭਾਵੇਂ ਇਹ ਨੁਕਸਾਨ ਹੋਏ ਨਾ ਹੋਣ, ਜਾਂ ਅਕਾਸਮਿਕ ਪ੍ਰਕਿਰਤੀ ਦੇ ਹੋਣ.

**31. ਜੋਖ਼ਮ**

ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਐਪਲੀਕੇਸ਼ਨ ਦੀ ਵਰਤੋਂ ਕਰਕੇ, ਗਾਹਕ ਡਿਜ਼ੀਟਲ ਅਤੇ ਇੰਟਰਨੈੱਟ ਬੈਂਕਿੰਗ ਸੇਵਾਵਾਂ ਨਾਲ ਸੰਬੰਧਿਤ ਅੰਦਰੂਨੀ ਜੋਖਮਾਂ ਨੂੰ ਸਵੀਕਾਰ ਕਰਦਾ ਹੈ ਅਤੇ ਸਮਝਦਾ ਹੈ. ਹਾਲਾਂਕਿ ਐਕਸਿਸ ਬੈਂਕ ਮਜ਼ਬੂਤ ਸੁਰੱਖਿਆ ਉਪਾਅ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਫਿਰ ਵੀ ਗਾਹਕ ਸਹਿਮਤ ਹੁੰਦਾ ਹੈ ਕਿ ਬੈਂਕ ਆਪਣੇ ਕੰਟਰੋਲ ਤੋਂ ਬਾਹਰ ਦੇ ਕਾਰਕਾਂ ਦੇ ਕਾਰਨ ਪੂਰੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦਾ. ਗਾਹਕ ਸਪੱਸ਼ਟ ਤੌਰ 'ਤੇ ਹੇਠਾਂ ਦਿੱਤੇ ਸੰਭਾਵਿਤ ਜੋਖਮਾਂ ਨਾਲ ਸਹਿਮਤ ਹੁੰਦਾ ਹੈ ਅਤੇ ਸਵੀਕਾਰ ਕਰਦਾ ਹੈ:

- **ਅਣਅਧਿਕਾਰਤ ਐਕਸੈਸ:** ਅਣਅਧਿਕਾਰਤ ਐਕਸੈਸ ਉਦੋਂ ਹੋ ਸਕਦਾ ਹੈ ਜਦੋਂ ਗਾਹਕ ਦੇ ਕ੍ਰੀਡੈਂਸ਼ੀਅਲ, ਜਿਸ ਵਿੱਚ ਪਿੰਨ, ਪਾਸਵਰਡ ਜਾਂ ਡਿਵਾਈਸ ਸੁਰੱਖਿਆ ਸੈਟਿੰਗ ਸ਼ਾਮਲ ਹੈ, ਨਾਲ ਛੇੜਛਾੜ ਕੀਤੀ ਗਈ ਹੋਵੇ. ਗਾਹਕ ਸਹਿਮਤ ਹੈ ਕਿ ਇਨ੍ਹਾਂ ਕ੍ਰੀਡੈਂਸ਼ੀਅਲ ਦੀ ਗੋਪਨੀਯਤਾ ਨੂੰ ਬਰਕਰਾਰ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ.
- **ਸਾਈਬਰ-ਹਮਲੇ:** ਗਾਹਕ ਸਵੀਕਾਰ ਕਰਦਾ ਹੈ ਕਿ ਇੰਟਰਨੈੱਟ ਬੈਂਕਿੰਗ ਸੇਵਾਵਾਂ ਹੈਕਿੰਗ, ਮਾਲਵੇਅਰ, ਰੈਨਸਮਵੇਅਰ ਅਤੇ ਵਾਇਰਸ ਸਮੇਤ ਸਾਈਬਰ ਖਤਰਿਆਂ ਲਈ ਸੰਵੇਦਨਸ਼ੀਲ ਹਨ, ਜੋ ਸੰਭਾਵਤ ਤੌਰ 'ਤੇ ਨਿੱਜੀ ਅਤੇ ਵਿੱਤੀ ਜਾਣਕਾਰੀ ਲਈ ਖਤਰਾ ਬਣ ਸਕਦੀਆਂ ਹਨ.
- **ਫਿਸ਼ਿੰਗ ਅਤੇ ਸੋਸ਼ਲ ਇੰਜੀਨੀਅਰਿੰਗ ਹਮਲੇ:** ਸੰਵੇਦਨਸ਼ੀਲ ਬੈਂਕਿੰਗ ਕ੍ਰੀਡੈਂਸ਼ੀਅਲ ਦਾ ਪਤਾ ਲਗਾਉਣ ਲਈ ਫਿਸ਼ਿੰਗ ਈ-ਮੇਲ, ਧੋਖਾਧੜੀ ਵਾਲੀ ਵੈੱਬਸਾਈਟ, ਕਾਲ, ਮੈਸੇਜ ਜਾਂ ਹੋਰ ਧੋਖਾਧੜੀ ਦੇ ਤਰੀਕਿਆਂ ਰਾਹੀਂ ਨਿਸ਼ਾਨਾ ਬਣਾਇਆ ਜਾ ਸਕਦਾ ਹੈ. ਗਾਹਕ ਨੂੰ ਚੌਕੰਨੇ ਅਤੇ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਸ਼ੱਕੀ ਬੇਨਤੀਆਂ ਦਾ ਜਵਾਬ ਦੇਣ ਤੋਂ ਬਚਣਾ ਚਾਹੀਦਾ ਹੈ.
- **ਮਾਲਵੇਅਰ ਅਟੈਕ:** ਡਿਵਾਈਸ 'ਤੇ ਖਤਰਨਾਕ ਸਾਫਟਵੇਅਰ (ਮਾਲਵੇਅਰ) ਇੰਸਟਾਲ ਕਰਨ ਨਾਲ ਨਿੱਜੀ ਡਾਟਾ, ਲਾਗ-ਇਨ ਕ੍ਰੀਡੈਂਸ਼ੀਅਲ ਅਤੇ ਟ੍ਰਾਂਜ਼ੈਕਸ਼ਨਲ ਵੇਰਵਿਆਂ ਤੱਕ ਅਣਅਧਿਕਾਰਤ ਪਹੁੰਚ ਮਿਲ ਸਕਦੀ ਹੈ. ਗਾਹਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਡਿਵਾਈਸ ਭਰੋਸੇਮੰਦ ਸੁਰੱਖਿਆ ਸਾਫਟਵੇਅਰ ਨਾਲ ਸੁਰੱਖਿਅਤ ਹਨ ਅਤੇ ਗੈਰ-ਭਰੋਸੇਮੰਦ ਸਰੋਤਾਂ ਤੋਂ ਐਪਲੀਕੇਸ਼ਨ ਡਾਊਨਲੋਡ ਕਰਨ ਤੋਂ ਬਚਣਾ ਚਾਹੀਦਾ ਹੈ.
- **ਪ੍ਰੋਸੈਸਿੰਗ ਖਰਾਬੀਆਂ:** ਸਿਸਟਮ ਵਿੱਚ ਖਰਾਬੀਆਂ, ਸਾਫਟਵੇਅਰ ਬੱਗ ਜਾਂ ਮਨੁੱਖੀ ਇਨਪੁੱਟ ਸਬੰਧੀ ਖਰਾਬੀਆਂ ਦੇ ਕਾਰਨ ਪ੍ਰੋਸੈਸਿੰਗ ਵਿੱਚ ਤਰੁੱਟੀਆਂ ਪੈਦਾ ਹੋ ਸਕਦੀਆਂ ਹਨ, ਜਿਸ ਵਿੱਚ ਟ੍ਰਾਂਜ਼ੈਕਸ਼ਨ ਅਸਫਲਤਾਵਾਂ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਿਤ ਨਹੀਂ ਹਨ. ਗਾਹਕ ਸਪੱਸ਼ਟ ਤੌਰ 'ਤੇ ਸਹਿਮਤ ਹੈ ਕਿ ਐਕਸਿਸ ਬੈਂਕ ਅਜਿਹੀ ਕਿਸੇ ਵੀ ਗਲਤੀ ਜਾਂ

ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜਦੋਂ ਤੱਕ ਅਜਿਹਾ ਬੈਂਕ ਵਲੋਂ ਕੀਤੀ ਗੰਭੀਰ ਲਾਪਰਵਾਹੀ ਜਾਂ ਜਾਣਬੁੱਝ ਕੇ ਗਲਤ ਵਿਵਹਾਰ ਦੇ ਕਾਰਨ ਨਹੀਂ ਹੁੰਦਾ.

- **ਟ੍ਰਾਂਜ਼ੈਕਸ਼ਨਲ ਜੋਖਮ:** ਇੰਟਰਨੈੱਟ ਬੈਂਕਿੰਗ ਰਾਹੀਂ ਕੀਤੇ ਗਏ ਟ੍ਰਾਂਜ਼ੈਕਸ਼ਨ ਨੂੰ ਕਈ ਵਾਰ ਤਕਨੀਕੀ ਸਮੱਸਿਆਵਾਂ, ਨੈੱਟਵਰਕ ਅਸਫਲਤਾਵਾਂ, ਸਰਵਰ ਡਾਊਨਟਾਈਮ ਜਾਂ ਟ੍ਰਾਂਜ਼ੈਕਸ਼ਨ ਪ੍ਰੋਸੈਸਿੰਗ ਖਰਾਬੀਆਂ ਦੇ ਕਾਰਨ ਦੇਰੀ, ਅਸਫਲਤਾਵਾਂ ਜਾਂ ਤਰੁੱਟੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ. ਐਕਸਿਸ ਬੈਂਕ ਨੂੰ ਇਸ ਦੇ ਉਚਿੱਤ ਕੰਟਰੋਲ ਤੋਂ ਬਾਹਰ ਵਾਲੀ ਅਜਿਹੀ ਟ੍ਰਾਂਜ਼ੈਕਸ਼ਨ ਵਿੱਚ ਰੁਕਾਵਟ ਤੋਂ ਪੈਦਾ ਹੋਣ ਵਾਲੇ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
- **ਸੁਰੱਖਿਆ ਦਾ ਉਲੰਘਣ:** ਮਜ਼ਬੂਤ ਸਾਈਬਰ ਸੁਰੱਖਿਆ ਬੁਨਿਆਦੀ ਢਾਂਚੇ ਦੀ ਤਾਇਨਾਤੀ ਦੇ ਬਾਵਜੂਦ, ਅਣਅਧਿਕਾਰਤ ਘੁਸਪੈਠ, ਹੈਕਿੰਗ ਕੋਸ਼ਿਸ਼ਾਂ ਜਾਂ ਡਾਟਾ ਬ੍ਰੀਚ ਦਾ ਖਤਰਾ ਬਣਿਆ ਰਹਿੰਦਾ ਹੈ. ਗਾਹਕ ਸਵੀਕਾਰ ਕਰਦੇ ਹਨ ਕਿ ਐਕਸਿਸ ਬੈਂਕ ਨੂੰ ਉਸ ਸੁਰੱਖਿਆ ਉਲੰਘਣਾ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਜਾਂ ਹਾਨੀ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ, ਜੋ ਬੈਂਕ ਦੇ ਉੱਚਿਤ ਕੰਟਰੋਲ ਤੋਂ ਬਾਹਰ ਹਨ.
- **ਡਾਟਾ ਬ੍ਰੀਚ:** ਗਾਹਕ ਸਮਝਦਾ ਹੈ ਕਿ ਐਕਸਿਸ ਬੈਂਕ ਵਲੋਂ ਉੱਚਿਤ ਕੋਸ਼ਿਸ਼ਾਂ ਦੇ ਬਾਵਜੂਦ ਡਾਟਾ ਬ੍ਰੀਚ ਹੋ ਸਕਦਾ ਹੈ. ਅਜਿਹੇ ਉਲੰਘਣ ਕਾਰਨ ਸੰਵੇਦਨਸ਼ੀਲ ਨਿੱਜੀ ਅਤੇ ਵਿੱਤੀ ਜਾਣਕਾਰੀ ਲੀਕ ਹੋ ਸਕਦੀ ਹੈ, ਜਿਸ ਨਾਲ ਪਛਾਣ ਦੀ ਚੋਰੀ, ਵਿੱਤੀ ਧੋਖਾਧੜੀ ਅਤੇ ਗੋਪਨੀਯਤਾ ਵਿੱਚ ਦਖਲਅੰਦਾਜ਼ੀ ਦੇ ਖਤਰੇ ਪੈਦਾ ਹੋ ਸਕਦੇ ਹਨ.
- **ਥਰਡ-ਪਾਰਟੀ ਸੇਵਾ ਪ੍ਰਦਾਤਾ:** ਐਕਸਿਸ ਬੈਂਕ ਕੁਝ ਸੇਵਾਵਾਂ ਲਈ ਥਰਡ-ਪਾਰਟੀ ਸੇਵਾ ਪ੍ਰਦਾਤਾਵਾਂ ਨੂੰ ਨਿਯੁਕਤ ਕਰ ਸਕਦਾ ਹੈ. ਗਾਹਕ ਸਵੀਕਾਰ ਕਰਦਾ ਹੈ ਕਿ ਥਰਡ-ਪਾਰਟੀ ਪ੍ਰਦਾਤਾਵਾਂ 'ਤੇ ਭਰੋਸਾ ਕਰਨ ਨਾਲ ਜੋਖਮ ਹੋ ਸਕਦਾ ਹੈ, ਜਿਸ ਵਿੱਚ ਅਜਿਹੀਆਂ ਥਰਡ ਪਾਰਟੀਆਂ ਵਲੋਂ ਸੇਵਾਵਾਂ ਦੀ ਅਸਫਲਤਾ ਜਾਂ ਡਾਟਾ ਸੁਰੱਖਿਆ ਦਾ ਉਲੰਘਣ ਸ਼ਾਮਲ ਹੈ. ਬੈਂਕ ਇਨ੍ਹਾਂ ਥਰਡ ਪਾਰਟੀਆਂ ਵਲੋਂ ਕਿਸੇ ਵੀ ਉਲੰਘਣ ਜਾਂ ਅਸਫਲਤਾ ਲਈ ਜ਼ਿੰਮੇਵਾਰ ਨਹੀਂ ਹੋਵੇਗਾ.
- **ਸੇਵਾ ਦੀ ਅਣਉਪਲਬਧਤਾ:** ਸਮੇਂ-ਸਮੇਂ 'ਤੇ, ਨਿਰਧਾਰਤ ਮੈਂਟੇਨੈਂਸ, ਸਿਸਟਮ ਅੱਪਡੇਟ ਜਾਂ ਅਣਪਛਾਤੀਆਂ ਤਕਨੀਕੀ ਸਮੱਸਿਆਵਾਂ ਦੇ ਕਾਰਨ ਇੰਟਰਨੈੱਟ ਬੈਂਕਿੰਗ ਸੇਵਾਵਾਂ ਵਿੱਚ ਰੁਕਾਵਟ ਆ ਸਕਦੀ ਹੈ. ਗਾਹਕ ਸਮਝਦੇ ਹਨ ਅਤੇ ਸਵੀਕਾਰ ਕਰਦੇ ਹਨ ਕਿ ਸੇਵਾ ਦੀ ਅਣ-ਉਪਲਬਧਤਾ ਸਮੇਂ ਬੈਂਕਿੰਗ ਸੇਵਾਵਾਂ ਤੱਕ ਐਕਸੈਸ ਕਰਨ ਵਿੱਚ ਕਿਸੇ ਵੀ ਦੇਰੀ, ਰੁਕਾਵਟ ਜਾਂ ਅਸਮਰੱਥਾ ਲਈ ਐਕਸਿਸ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
- **ਰੈਗੂਲੇਟਰੀ ਅਤੇ ਕਾਨੂੰਨੀ ਜੋਖਮ:** ਇੰਟਰਨੈੱਟ ਬੈਂਕਿੰਗ ਰੈਗੂਲੇਟਰੀ ਫਰੇਮਵਰਕ, ਦਿਸ਼ਾ-ਨਿਰਦੇਸ਼ਾਂ ਅਤੇ ਪਾਲਣਾ ਸੰਬੰਧੀ ਜ਼ਰੂਰਤਾਂ ਵਿੱਚ ਬਦਲਾਵ ਦੇ ਅਧੀਨ ਹੈ. ਕਾਨੂੰਨ ਜਾਂ ਨਿਯਮਾਂ ਵਿੱਚ ਬਦਲਾਵ ਇੰਟਰਨੈੱਟ ਬੈਂਕਿੰਗ ਸੇਵਾਵਾਂ ਦੀ ਕਾਰਜਸ਼ੀਲਤਾ, ਉਪਲਬਧਤਾ ਜਾਂ ਸੁਰੱਖਿਆ ਮਾਨਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ.

ਗਾਹਕ ਸਹਿਮਤ ਹੈ ਕਿ ਬੈਂਕਿੰਗ ਸੇਵਾਵਾਂ ਦੀ ਵਰਤੋਂ ਕਾਰਨ ਹੋਣ ਵਾਲੇ ਇਨ੍ਹਾਂ ਜਾਂ ਹੋਰ ਜੋਖਮਾਂ ਦੇ ਨਤੀਜੇ ਵਜੋਂ ਹੋਣ ਵਾਲੇ ਕਿਸੇ ਵੀ ਸਿੱਧੇ, ਅਪ੍ਰਤੱਖ, ਅਣਕਿਆਸੇ ਜਾਂ ਪਰਿਣਾਮੀ ਨੁਕਸਾਨ ਲਈ ਐਕਸਿਸ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.

## 32. ਜੋਖਮਾਂ ਨੂੰ ਘੱਟ ਕਰਨ ਲਈ ਗਾਹਕ ਦੀਆਂ ਜ਼ਿੰਮੇਵਾਰੀਆਂ

- ਐਪਲੀਕੇਸ਼ਨ ਅਤੇ ਆਪਰੇਟਿੰਗ ਸਿਸਟਮ ਨੂੰ ਨਿਯਮਿਤ ਤੌਰ 'ਤੇ ਨਵੇਂ ਵਰਜਨਾਂ ਵਿੱਚ ਅੱਪਡੇਟ ਕਰੋ.
- ਬੈਂਕਿੰਗ ਟ੍ਰਾਂਜ਼ੈਕਸ਼ਨ ਕਰਨ ਲਈ ਅਸੁਰੱਖਿਅਤ ਪਬਲਿਕ ਵਾਈ-ਫਾਈ ਨੈੱਟਵਰਕ ਦੀ ਵਰਤੋਂ ਕਰਨ ਤੋਂ ਬਚੋ.
- ਸ਼ੱਕੀ ਜਾਂ ਅਣਅਧਿਕਾਰਤ ਗਤੀਵਿਧੀ ਲਈ ਖਾਤੇ ਦੀ ਸਟੇਟਮੈਂਟ ਅਤੇ ਟ੍ਰਾਂਜ਼ੈਕਸ਼ਨ ਅਲਰਟ ਦੀ ਨਿਯਮਿਤ ਤੌਰ 'ਤੇ ਨਿਗਰਾਨੀ ਕਰੋ.
- ਡਿਵਾਈਸ ਅਤੇ/ਜਾਂ ਬੈਂਕਿੰਗ ਕ੍ਰੀਡੈਂਸ਼ੀਅਲ ਦੇ ਗੁਆਚਣ, ਚੋਰੀ ਹੋਣ ਜਾਂ ਛੇੜਛਾੜ ਬਾਰੇ ਤੁਰੰਤ ਐਕਸਿਸ ਬੈਂਕ ਨੂੰ ਰਿਪੋਰਟ ਕਰੋ.
- ਅਜਿਹੇ ਗੈਰ-ਜ਼ਰੂਰੀ ਸੰਚਾਰਾਂ ਦਾ ਜਵਾਬ ਦੇਣ ਤੋਂ ਸਾਵਧਾਨੀ ਵਰਤੋ, ਜਿਸ ਵਿੱਚ ਨਿੱਜੀ ਜਾਂ ਵਿੱਤੀ ਜਾਣਕਾਰੀ ਦੀ ਮੰਗ ਕੀਤੀ ਗਈ ਹੋਵੇ.
- ਸੁਰੱਖਿਆ ਨੂੰ ਬਣਾਈ ਰੱਖਣ ਅਤੇ ਸੰਵੇਦਨਸ਼ੀਲਤਾ ਨੂੰ ਘੱਟ ਕਰਨ ਲਈ ਨਿਯਮਤ ਤੌਰ 'ਤੇ ਪਾਸਵਰਡ ਅਤੇ ਪਿੰਨ ਨੂੰ ਬਦਲੋ.

**ਐਕਸਿਸ ਬੈਂਕ ਦੇ ਉਪਾਅ:**

- ਐਕਸਿਸ ਬੈਂਕ ਗਾਹਕ ਦੇ ਡਾਟਾ ਨੂੰ ਸੁਰੱਖਿਅਤ ਕਰਨ ਲਈ ਐਨਕ੍ਰਿਪਸ਼ਨ, ਫਾਇਰਵਾਲ, ਸੁਰੱਖਿਅਤ ਪ੍ਰਮਾਣਿਕਤਾ ਵਿਧੀਆਂ ਅਤੇ ਨਿਯਮਿਤ ਸੁਰੱਖਿਆ ਆਡਿਟ ਸਮੇਤ ਉੱਨਤ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦਾ ਹੈ. ਗਾਹਕ ਸਵੀਕਾਰ ਕਰਦਾ ਹੈ ਕਿ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ, ਜੋਖਮਾਂ ਲਈ ਪੂਰੀ ਸੁਰੱਖਿਆ ਯਕੀਨੀ ਨਹੀਂ ਬਣਾਈ ਜਾ ਸਕਦੀ.
- ਗਾਹਕ ਸਹਿਮਤ ਹੈ ਕਿ ਬੈਂਕ ਵਲੋਂ ਕੀਤੀ ਪ੍ਰਮਾਣਿਤ ਗੰਭੀਰ ਲਾਪਰਵਾਹੀ ਜਾਂ ਜਾਣਬੁੱਝ ਕੇ ਕੀਤੇ ਗਲਤ ਵਿਵਹਾਰ ਦੇ ਮਾਮਲਿਆਂ ਨੂੰ ਛੱਡ ਕੇ, ਐਕਸਿਸ ਬੈਂਕ ਨੂੰ ਉਪਰੋਕਤ ਦੱਸੇ ਗਏ ਜੋਖਮਾਂ ਜਾਂ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਐਪਲੀਕੇਸ਼ਨ ਦੀ ਵਰਤੋਂ ਵਿੱਚ ਸ਼ਾਮਲ ਕਿਸੇ ਹੋਰ ਜੋਖਮਾਂ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਸਿੱਧੇ, ਅਸਿੱਧੇ, ਪਰਿਣਾਮੀ ਜਾਂ ਅਣਕਿਆਸੇ ਨੁਕਸਾਨ, ਹਾਨੀ, ਕਲੇਮ, ਦੇਣਦਾਰੀਆਂ ਜਾਂ ਖਰਚਿਆਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.

- ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਐਪਲੀਕੇਸ਼ਨ ਦੀ ਵਰਤੋਂ ਜਾਰੀ ਰੱਖ ਕੇ, ਗਾਹਕ ਇਨ੍ਹਾਂ ਜੋਖਮਾਂ, ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਐਕਸਿਸ ਬੈਂਕ ਦੀ ਦੇਣਦਾਰੀ ਦੀਆਂ ਸੀਮਾਵਾਂ ਨੂੰ ਸਮਝਣ ਅਤੇ ਸਵੀਕਾਰ ਕਰਨ ਦੀ ਪੁਸ਼ਟੀ ਕਰਦਾ ਹੈ.

**33. ਸੁਰੱਖਿਅਤ ਬੈਂਕਿੰਗ**

**ਕਰਨ ਅਤੇ ਨਾ ਕਰਨ ਵਾਲੇ ਕੰਮ**

- ਐਕਸਿਸ ਬੈਂਕ, ਆਰਬੀਆਈ ਜਾਂ ਅਜਿਹੀ ਕੋਈ ਹੋਰ ਸੰਸਥਾ ਕਦੇ ਵੀ ਤੁਹਾਡੀ ਨਿੱਜੀ ਜਾਂ ਬੈਂਕਿੰਗ ਜਾਣਕਾਰੀ ਲਈ ਕਾਲ, ਈ-ਮੇਲ ਜਾਂ ਐਸਐਮਐਸ ਨਹੀਂ ਭੇਜਦੀ. ਅਜਿਹੀ ਧੋਖਾਧੜੀ ਦਾ ਸ਼ਿਕਾਰ ਨਾ ਬਣੋ.
- ਕਿਸੇ ਵੀ ਅਜਿਹੇ ਮੈਸੇਜ/ਭੇਜਣ ਵਾਲੇ ਤੋਂ ਆਏ ਕਿਸੇ ਵੀ ਯੂਆਰਐਲ 'ਤੇ ਨਾ ਜਾਓ, ਜਿਸ ਬਾਰੇ ਤੁਹਾਨੂੰ ਪੂਰਾ ਯਕੀਨ ਨਹੀਂ ਹੈ.
- ਏਟੀਐਮ ਕਾਰਡ ਦੀ ਵਰਤੋਂ ਕਰਨ ਜਾਂ ਸ਼ਾਖਾ ਵਿੱਚ ਨਕਦੀ ਨੂੰ ਸੰਭਾਲਣ ਲਈ ਅਜਨਬੀਆਂ ਤੋਂ ਮਦਦ ਨਾ ਲਓ ਅਤੇ ਟ੍ਰਾਂਜ਼ੈਕਸ਼ਨ ਕਰਨ ਵੇਲੇ ਉਨ੍ਹਾਂ ਨੂੰ ਤੁਹਾਨੂੰ ਦੇਖਣ ਨਾ ਦਿਓ.
- ਸਾਈਬਰ ਕੈਫੇ/ਸ਼ੇਅਰਡ ਕੰਪਿਊਟਰ ਤੋਂ ਆਪਣੇ ਇੰਟਰਨੈੱਟ ਬੈਂਕਿੰਗ ਖਾਤੇ ਨੂੰ ਐਕਸੈਸ ਕਰਨ ਤੋਂ ਗੁਰੇਜ ਕਰੋ. ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਆਪਣੇ ਖੁਦ ਦੇ ਕੰਪਿਊਟਰ ਤੋਂ ਆਪਣਾ ਪਾਸਵਰਡ ਬਦਲੋ.
- ਇਹ ਯਕੀਨੀ ਬਣਾਓ ਕਿ ਤੁਸੀਂ ਨਿਯਮਤ ਤੌਰ 'ਤੇ ਟ੍ਰਾਂਜ਼ੈਕਸ਼ਨ ਅਲਰਟ ਪ੍ਰਾਪਤ ਕਰਨ ਲਈ ਬੈਂਕ ਕੋਲ ਸਹੀ ਮੋਬਾਈਲ ਨੰਬਰ ਅੱਪਡੇਟ ਕੀਤਾ ਹੈ.

**ਸੁਰੱਖਿਅਤ ਵਰਤੋਂ ਦੇ ਦਿਸ਼ਾ-ਨਿਰਦੇਸ਼**

- ਅਗਿਆਤ ਗਾਹਕਾਂ ਨੂੰ ਇੰਟਰਨੈੱਟ ਬੈਂਕਿੰਗ ਐਕਸੈਸ ਨਾ ਦਿਓ.
- ਕਲੈਕਸ਼ਨ ਦੀ ਬੇਨਤੀ ਸਵੀਕਾਰ ਕਰਨ ਵੇਲੇ, ਇਹ ਯਕੀਨੀ ਬਣਾਉਣ ਲਈ ਧਿਆਨ ਰੱਖਣਾ ਚਾਹੀਦਾ ਹੈ ਕਿ ਸਹੀ ਪ੍ਰਾਪਤਕਰਤਾ ਨੂੰ ਮਨਜ਼ੂਰੀ ਦਿੱਤੀ ਗਈ ਹੈ.
- ਜੇ ਤੁਹਾਡਾ ਮੋਬਾਈਲ ਨੰਬਰ ਬਦਲਿਆ ਗਿਆ ਹੈ ਤਾਂ ਬੈਂਕ ਨੂੰ ਆਪਣੇ ਨਵੇਂ ਮੋਬਾਈਲ ਨੰਬਰ ਦੇ ਬਾਰੇ ਸੂਚਿਤ ਕਰਨਾ ਨਾ ਭੁੱਲੋ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਐਸਐਮਐਸ ਨੋਟੀਫਿਕੇਸ਼ਨ ਪ੍ਰਾਪਤ ਹੁੰਦੇ ਰਹਿਣ.
- ਕਾਲਰ ਟਿਊਨ, ਡਾਇਲਰ ਟਿਊਨ ਜਾਂ ਜਾਣ-ਪਛਾਣੇ ਜਾਂ ਅਣਜਾਣ ਸਰੋਤਾਂ ਤੋਂ ਈ-ਮੇਲ ਜਾਂ ਅਟੈਚਮੈਂਟ ਜਿਹੇ ਆਫਰ ਸਵੀਕਾਰ ਕਰਨ ਵੇਲੇ ਸਾਵਧਾਨ ਰਹੋ.
- ਆਪਣੇ ਫੋਨ/ਕੰਪਿਊਟਰ 'ਤੇ ਕ੍ਰੈਡਿਟ ਕਾਰਡ ਦੇ ਵੇਰਵੇ, ਇੰਟਰਨੈੱਟ ਬੈਂਕਿੰਗ ਪਾਸਵਰਡ, ਗਾਹਕ ਆਈਡੀ ਆਦਿ ਵਰਗੀ ਸੰਵੇਦਨਸ਼ੀਲ ਜਾਣਕਾਰੀ ਸਟੋਰ ਨਾ ਕਰੋ.
- ਆਪਣਾ ਪਿੰਨ ਨਿਯਮਤ ਤੌਰ 'ਤੇ ਬਦਲੋ.
- ਜਨਤਕ ਥਾਵਾਂ 'ਤੇ ਬਲੂਟੁੱਥ ਦੀ ਵਰਤੋਂ ਕਰਨ ਵੇਲੇ ਸਾਵਧਾਨ ਰਹੋ ਕਿਉਂਕਿ ਕੋਈ ਤੁਹਾਡੇ ਗੁਪਤ ਡੇਟਾ/ਜਾਣਕਾਰੀ ਤੱਕ ਪਹੁੰਚ ਸਕਦਾ ਹੈ.
- ਅਜਿਹੇ ਈ-ਮੇਲ/ਸੋਸ਼ਲ ਨੈੱਟਵਰਕਿੰਗ ਸਾਈਟ ਵਿੱਚ ਸ਼ਾਮਲ ਲਿੰਕ 'ਤੇ ਕਲਿੱਕ ਨਾ ਕਰੋ, ਜੋ ਬੈਂਕ ਦੀ ਤਰਫੋਂ ਹੋਣ ਦਾ ਦਾਅਵਾ ਕਰਦੇ ਹਨ

**34. ਜੋਖਮ ਅਤੇ ਗਾਹਕ ਦੀ ਜ਼ਿੰਮੇਵਾਰੀ**

- ਬੈਂਕ ਗਾਹਕ ਵਲੋਂ ਪ੍ਰਦਾਨ ਕੀਤੇ ਅਨੁਸਾਰ, ਗਾਹਕ ਦੇ ਮੋਬਾਈਲ ਨੰਬਰ ਅਤੇ/ਜਾਂ ਈ-ਮੇਲ ਐਡਰੈੱਸ 'ਤੇ ਅਲਰਟ ਅਤੇ ਖਾਤੇ ਨਾਲ ਸੰਬੰਧਿਤ ਜਾਣਕਾਰੀ ਭੇਜੇਗਾ. ਇਹ ਗਾਹਕ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਵੇ ਕਿ ਬੈਂਕ ਨੂੰ ਪ੍ਰਦਾਨ ਕੀਤਾ ਗਿਆ ਮੋਬਾਈਲ ਨੰਬਰ ਅਤੇ ਈ-ਮੇਲ ਐਡਰੈੱਸ ਸਹੀ ਹੈ ਅਤੇ ਬੈਂਕ ਦੇ ਰਿਕਾਰਡ ਵਿੱਚ ਅੱਪ-ਟੂ-ਡੇਟ ਰੱਖਿਆ ਗਿਆ ਹੈ.
- ਗਾਹਕ ਆਪਣੇ ਡਿਵਾਈਸ ਅਤੇ ਈ-ਮੇਲ ਖਾਤੇ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ. ਜੇ ਗਾਹਕ ਅਜਿਹੇ ਸੰਪਰਕ ਵੇਰਵਿਆਂ ਦੀ ਸਟੀਕਤਾ ਜਾਂ ਸੁਰੱਖਿਆ ਨੂੰ ਬਰਕਰਾਰ ਰੱਖਣ ਵਿੱਚ ਅਸਫਲ ਰਹਿੰਦਾ ਹੈ, ਜਾਂ ਬੈਂਕ ਨੂੰ ਕਿਸੇ ਵੀ ਬਦਲਾਵ ਬਾਰੇ ਸੂਚਿਤ ਨਹੀਂ ਕਰਦਾ, ਤਾਂ ਇਸ ਦੀ ਪੂਰਾ ਜੋਖਮ ਅਤੇ ਜ਼ਿੰਮਵਾਰੀ ਗਾਹਕ ਦੀ ਹੋਵੇਗੀ. ਗਾਹਕ ਇਹ ਵੀ ਯਕੀਨੀ ਬਣਾਏਗਾ ਕਿ ਉਕਤ ਸੁਵਿਧਾ ਦਾ ਲਾਭ ਲੈਣਾ ਜਾਰੀ ਰੱਖਣ ਲਈ ਉਨ੍ਹਾਂ ਦਾ ਮੋਬਾਈਲ ਫੋਨ ਅਤੇ ਈ-ਮੇਲ ਆਈਡੀ ਕਾਰਜਸ਼ੀਲ ਰਹਿਣ.
- ਗਾਹਕ ਸਪੱਸ਼ਟ ਤੌਰ 'ਤੇ ਸਵੀਕਾਰ ਕਰਦਾ ਹੈ ਕਿ ਮੋਬਾਈਲ ਫੋਨ ਅਤੇ/ਜਾਂ ਈ-ਮੇਲ ਰਾਹੀਂ ਜਾਣਕਾਰੀ ਭੇਜਣਾ ਅੰਦਰੂਨੀ ਤੌਰ 'ਤੇ ਅਸੁਰੱਖਿਅਤ ਹੈ ਅਤੇ ਇਸ ਵਿੱਚ ਕੁਝ ਜੋਖਮ ਹੋ ਸਕਦੇ ਹਨ. ਇਹਨਾਂ ਜੋਖਮਾਂ ਦੇ ਬਾਵਜੂਦ, ਗਾਹਕ ਨੇ ਆਪਣੀ ਸਹੂਲਤ ਲਈ ਅਤੇ ਅਜਿਹੇ ਜੋਖਮਾਂ ਦਾ ਸਾਵਧਾਨੀ ਨਾਲ ਮੁਲਾਂਕਣ ਕਰਨ ਤੋਂ ਬਾਅਦ, ਸਵੈ-ਇੱਛਾ ਨਾਲ ਬੈਂਕ ਨੂੰ ਇਨ੍ਹਾਂ ਚੈਨਲਾਂ ਰਾਹੀਂ ਪ੍ਰਾਪਤ ਨਿਰਦੇਸ਼ਾਂ ਜਾਂ ਸੰਚਾਰਾਂ 'ਤੇ ਕਾਰਵਾਈ ਕਰਨ ਲਈ ਬੇਨਤੀ ਕੀਤੀ ਹੈ ਅਤੇ ਅਧਿਕਾਰਤ ਕੀਤਾ ਹੈ.

- ਗਾਹਕ ਸਵੀਕਾਰ ਕਰਦਾ ਹੈ ਕਿ ਉਹ ਜਿੱਥੇ ਵੀ ਲੋੜ ਹੋਵੇ ਸਹੀ, ਪੂਰੀ ਅਤੇ ਸਟੀਕ ਜਾਣਕਾਰੀ ਪ੍ਰਦਾਨ ਕਰੇਗਾ, ਅਤੇ ਬੈਂਕ ਨੂੰ ਸਬਮਿਟ ਕੀਤੇ ਗਏ ਡਾਟਾ ਦੀ ਸਟੀਕਤਾ ਲਈ ਹਰ ਵੇਲੇ ਪੂਰੀ ਤਰ੍ਹਾਂ ਜ਼ਿੰਮੇਵਾਰ ਰਹੇਗਾ. ਗਾਹਕ ਵਲੋਂ ਪ੍ਰਦਾਨ ਕੀਤੀ ਗਈ ਗਲਤ ਜਾਂ ਅਧੂਰੀ ਜਾਣਕਾਰੀ ਦੇ ਕਾਰਨ ਪੈਦਾ ਹੋਣ ਵਾਲੇ ਨਤੀਜਿਆਂ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
- ਜੇ ਗਾਹਕ ਨੂੰ ਲਗਦਾ ਹੈ ਕਿ ਬੈਂਕ ਵਲੋਂ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਤਰੁੱਟੀ ਹੈ, ਤਾਂ ਗਾਹਕ ਤੁਰੰਤ ਬੈਂਕ ਨੂੰ ਸੂਚਿਤ ਕਰੇਗਾ. ਬੈਂਕ, ਜੇ ਸੰਭਵ ਹੋਵੇ ਤਾਂ ਗਲਤੀ ਨੂੰ ਸੁਧਾਰਨ ਦੀ ਪੂਰੀ ਕੋਸ਼ਿਸ਼ ਕਰੇਗਾ.
- ਗਾਹਕ ਨੂੰ ਬਿਨਾਂ ਕਿਸੇ ਦੇਰੀ ਤੋਂ ਉਸ ਮੋਬਾਈਲ ਨੰਬਰ ਅਤੇ/ਜਾਂ ਈ-ਮੇਲ ਐਡਰੈੱਸ ਵਿੱਚ ਕਿਸੇ ਵੀ ਬਦਲਾਵ ਬਾਰੇ ਬੈਂਕ ਨੂੰ ਸੂਚਿਤ ਕਰਨਾ ਚਾਹੀਦਾ ਹੈ, ਜਿਸ 'ਤੇ ਉਹ ਅਲਰਟ ਜਾਂ ਇੰਟਰਨੈੱਟ ਬੈਂਕਿੰਗ ਸੇਵਾਵਾਂ ਪ੍ਰਾਪਤ ਕਰਨਾ ਚਾਹੁੰਦੇ ਹਨ.
- ਖਾਤੇ ਨਾਲ ਸੰਬੰਧਿਤ ਸਾਰੀਆਂ ਟ੍ਰਾਂਜ਼ੈਕਸ਼ਨ ਲਾਗੂ ਬੈਂਕਿੰਗ ਅਭਿਆਸਾਂ, ਅਤੇ ਗਾਹਕ ਦੇ ਖਾਤੇ ਅਤੇ ਸੰਬੰਧਿਤ ਸੇਵਾਵਾਂ ਨੂੰ ਕੰਟਰੋਲ ਕਰਨ ਵਾਲੇ ਮੌਜੂਦਾ ਨਿਯਮ, ਸ਼ਰਤਾਂ ਅਤੇ ਨਿਯਮਾਂ ਅਧੀਨ ਹੋਣਗੀਆਂ. ਇਸ ਤੋਂ ਇਲਾਵਾ, ਫੋਨ ਬੈਂਕਿੰਗ ਅਤੇ ਨੈੱਟ ਬੈਂਕਿੰਗ ਸੇਵਾਵਾਂ ਨਾਲ ਸੰਬੰਧਿਤ ਨਿਯਮ ਅਤੇ ਸ਼ਰਤਾਂ, ਸੰਬੰਧਿਤ ਹੱਦ ਤੱਕ, ਮੋਬਾਈਲ ਬੈਂਕਿੰਗ/ਅਲਰਟ ਸੁਵਿਧਾ 'ਤੇ ਵੀ ਲਾਗੂ ਹੋਣਗੀਆਂ.
- ਗਾਹਕ ਸਿਰਫ ਬੈਂਕ ਵਲੋਂ ਨਿਰਧਾਰਿਤ ਯੋਗਤਾ ਪੂਰੀ ਕਰਨ 'ਤੇ, ਮੋਬਾਈਲ ਬੈਂਕਿੰਗ/ਅਲਰਟ ਸੁਵਿਧਾ ਤੱਕ ਐਕਸੈਸ ਪ੍ਰਾਪਤ ਕਰਨ ਦੀ ਬੇਨਤੀ ਕਰ ਸਕਦੇ ਹਨ. ਗਾਹਕ ਅਜਿਹੇ ਇਵੈਂਟ ਦੇ ਪ੍ਰਕਾਰ ਨੂੰ ਵੀ ਨਿਰਧਾਰਿਤ ਕਰ ਸਕਦਾ ਹੈ ਜੋ ਅਲਰਟ ਨੂੰ ਟ੍ਰਿਗਰ ਕਰੇਗਾ, ਜਿਸ ਨੂੰ ਸਮੇਂ-ਸਮੇਂ 'ਤੇ ਬੈਂਕ ਵਲੋਂ ਨਿਰਧਾਰਿਤ ਜਾਂ ਉਪਲਬਧ ਕੀਤਾ ਜਾ ਸਕਦਾ ਹੈ. ਬੈਂਕ ਆਪਣੀ ਮਰਜ਼ੀ ਅਨੁਸਾਰ ਅਤੇ ਬਿਨਾਂ ਕੋਈ ਕਾਰਨ ਦੱਸੇ ਅਜਿਹੀ ਕਿਸੇ ਵੀ ਐਪਲੀਕੇਸ਼ਨ ਨੂੰ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਰੱਖਦਾ ਹੈ.

**35. ਲਾਭ ਅਤੇ ਵਿਸ਼ੇਸ਼ਤਾਵਾਂ**

**ਖਾਤੇ**

- ਆਪਣਾ ਖਾਤੇ ਦਾ ਬੈਲੇਂਸ ਦੇਖੋ
- ਮਿੰਨੀ ਸਟੇਟਮੈਂਟ ਦੇਖੋ (ਪਿਛਲੇ 10 ਟ੍ਰਾਂਜ਼ੈਕਸ਼ਨ)
- ਖਾਤੇ ਦੀ ਵਿਸਤ੍ਰਿਤ ਸਟੇਟਮੈਂਟ ਦੇਖੋ
- ਖਾਤੇ ਦੀ ਸਟੇਟਮੈਂਟ ਈ-ਮੇਲ ਕਰੋ (12 ਮਹੀਨਿਆਂ ਤੱਕ)
- ਫੋਟੋਆਂ ਅਤੇ ਨਿਕਨੇਮ ਨਾਲ ਖਾਤੇ ਨੂੰ ਪਰਸਨਲਾਈਜ਼ ਕਰੋ

**ਕ੍ਰੈਡਿਟ ਕਾਰਡ**

- ਬਕਾਇਆ ਬੈਲੇਂਸ ਦੇਖੋ
- ਬਿਲ ਨਾ ਕੀਤੇ ਗਏ ਟ੍ਰਾਂਜ਼ੈਕਸ਼ਨ ਦੇਖੋ
- ਮੌਜੂਦਾ ਸਟੇਟਮੈਂਟ ਦੇਖੋ
- ਪੁਰਾਣੀ ਸਟੇਟਮੈਂਟ ਦੇਖੋ
- ਕ੍ਰੈਡਿਟ ਕਾਰਡ ਬਿਲ ਦਾ ਤੁਰੰਤ ਭੁਗਤਾਨ ਕਰੋ
- ਕ੍ਰੈਡਿਟ ਕਾਰਡ ਬਿਲ ਭੁਗਤਾਨ ਸ਼ੈਡਿਊਲ ਕਰੋ
- 2500 ਤੋਂ ਵੱਧ ਦੇ ਟ੍ਰਾਂਜ਼ੈਕਸ਼ਨ ਨੂੰ ਈਐਮਆਈ ਵਿੱਚ ਬਦਲੋ
- ਈ-ਸਟੇਟਮੈਂਟ ਐਕਟੀਵੇਸ਼ਨ
- ਆਪਣੇ ਕ੍ਰੈਡਿਟ ਕਾਰਡ 'ਤੇ ਸੀਮਾ ਵਧਾਉਣ ਸਬੰਧੀ ਜਾਂਚ ਕਰੋ
- ਨਵੇਂ ਕ੍ਰੈਡਿਟ ਕਾਰਡ ਲਈ ਅਪਲਾਈ ਕਰੋ
- ਪਿੰਨ ਅਤੇ ਆਟੋ ਡੈਬਿਟ ਭੁਗਤਾਨ ਨੂੰ ਬਲਾਕ ਅਤੇ ਰਿਪਲੇਸ, ਸੈੱਟ ਅਤੇ ਰੀਸੈੱਟ ਕਰੋ

**ਬਿਲ ਦਾ ਭੁਗਤਾਨ ਕਰੋ**

- ਰੈਗੂਲਰ ਤੌਰ 'ਤੇ ਬਿਲ ਪੇਸ਼ ਕਰਨ ਲਈ ਬਿਲਰ ਸ਼ਾਮਲ ਕਰੋ
- ਬਿਲ ਦੇਖੋ ਅਤੇ ਭੁਗਤਾਨ ਕਰੋ ਜਾਂ ਬਿਲਰ ਵਲੋਂ ਦਿੱਤੀ ਮਨਜ਼ੂਰੀ ਅਨੁਸਾਰ ਕਿਸੇ ਵੀ ਰਕਮ ਦਾ ਸਿੱਧਾ ਭੁਗਤਾਨ ਕਰੋ
- ਆਪਣੇ ਬਿਲ ਨੂੰ ਸ਼ੈਡਿਊਲ ਕਰੋ ਅਤੇ ਕੈਲੰਡਰ 'ਤੇ ਦੇਖੋ (ਐਪ ਵਿੱਚ)
- ਇੱਕ ਨਿਰਧਾਰਤ ਸੀਮਾ ਲਈ ਆਟੋਪੇ ਸੈਟ ਕਰਕੇ ਆਟੋਮੈਟਿਕਲੀ ਬਿਲ ਦਾ ਭੁਗਤਾਨ ਕਰੋ

**ਮਨਪਸੰਦ**

- ਆਪਣੀਆਂ 10 ਅਕਸਰ ਕੀਤੀਆਂ ਜਾਣ ਵਾਲੀਆਂ ਟ੍ਰਾਂਜ਼ੈਕਸ਼ਨ ਨੂੰ ਪਸੰਦੀਦਾ ਦੇ ਰੂਪ ਵਿੱਚ ਸੈੱਟ ਕਰੋ ਅਤੇ ਇੱਕ ਕਲਿੱਕ ਵਿੱਚ ਭੁਗਤਾਨ ਕਰੋ.

**ਐਫਡੀ/ਆਰਡੀ**

- ਐਪ ਰਾਹੀਂ ਫਿਕਸਡ ਡਿਪਾਜ਼ਿਟ ਖਾਤਾ ਅਤੇ ਰਿਕਰਿੰਗ ਡਿਪਾਜ਼ਿਟ ਖਾਤਾ ਖੋਲ੍ਹੋ. ਐਪ ਤੋਂ ਡਿਪਾਜ਼ਿਟ ਦੀ ਰਕਮ, ਡਿਪਾਜ਼ਿਟ ਦੀ ਅਵਧੀ ਅਤੇ ਭੁਗਤਾਨਯੋਗ ਵਿਆਜ ਦਾ ਪ੍ਰਕਾਰ ਚੁਣੋ.

**ਲੋਨ**

- ਸਾਰੇ ਪ੍ਰਾਪਤ ਲੋਨ ਦੇਖੋ.
- ਲੋਨ ਦੀ ਕੁੱਲ ਬਕਾਇਆ ਰਕਮ ਦੇਖੋ.
- ਨਵੇਂ ਲੋਨ ਲਈ ਅਪਲਾਈ ਕਰੋ.
- ਵਿਵਰਣ ਲਈ ਬੇਨਤੀ.
- ਆਰਓਆਈ ਹਿਸਟਰੀ

**ਮਿਉਚੁਅਲ ਫੰਡ**

- ਕੁੱਲ ਨਿਵੇਸ਼ ਬੈਲੇਂਸ ਦੇਖੋ
- ਨਿਵੇਸ਼ ਦੀ ਮੌਜੂਦਾ ਵੈਲਯੂ ਚੈੱਕ ਕਰੋ
- ਨਿਵੇਸ਼ 'ਤੇ ਹੋਏ ਲਾਭ/ਨੁਕਸਾਨ ਨੂੰ ਟ੍ਰੈਕ ਕਰੋ

**ਡੀਮੈਟ**

- ਐਕਸਿਸ ਬੈਂਕ ਦੀ ਓਪਨ ਐਪ ਰਾਹੀਂ ਆਪਣੇ ਨਿਵੇਸ਼ਾਂ ਨੂੰ ਟ੍ਰੈਕ ਕਰੋ.
- ਡੀਮੈਟ ਸਮਰੀ ਦੇਖੋ
- ਮੀਨੂ ਵਿੱਚ ਸਾਰੀਆਂ ਹੋਲਡਿੰਗ, ਡੀਮੈਟ ਸਟੇਟਮੈਂਟ ਚੈੱਕ ਕਰੋ ਅਤੇ ਨਵੀਂ ਡੀਆਈਐਸ ਬੁੱਕ ਲਈ ਬੇਨਤੀ ਕਰੋ.

**ਫੋਰੈਕਸ ਕਾਰਡ**

- ਮਲਟੀ ਅਤੇ ਸਿੰਗਲ ਕਰੰਸੀ ਫੋਰੈਕਸ ਕਾਰਡ ਦੀ ਸਟੇਟਮੈਂਟ ਚੈੱਕ ਕਰੋ
- ਗਾਹਕ ਕਾਰਡ ਲਈ ਸਾਰੀਆਂ ਕਰੰਸੀ ਲਈ ਆਪਣਾ ਉਪਲਬਧ ਬੈਲੇਂਸ ਅਤੇ ਪੁਰਾਣੀਆਂ ਟ੍ਰਾਂਜ਼ੈਕਸ਼ਨ ਚੈੱਕ ਕਰ ਸਕਦਾ ਹੈ.
- ਇਕ ਗਾਹਕ, ਉਸ ਨੂੰ ਜਾਰੀ ਕੀਤੇ ਕਾਰਡ ਨੂੰ ਫੰਡ ਅਤੇ ਬਲਾਕ ਕਰ ਸਕਦਾ ਹੈ. ਇੱਕ ਮਲਟੀ-ਕਰੰਸੀ ਕਾਰਡ ਵਾਲਾ ਗਾਹਕ ਮੈਡੀਕਲ, ਸਿੱਖਿਆ ਜਾਂ ਹੋਰ ਯਾਤਰਾ ਸੰਬੰਧੀ ਹੋਰ ਕੰਮਾਂ ਲਈ 16 ਕਰੰਸੀਆਂ (USD, EUR, GBP, SGD, AUD, CAD, SEK, JPY, CHF, AED, SAR, THB, HKD, NZD ਅਤੇ ZAR) ਦੀ ਵਰਤੋਂ ਕਰਕੇ ਕਾਰਡ ਨੂੰ ਫੰਡ ਕਰ ਸਕਦਾ ਹੈ.

**ਐਕਸਿਸ ਐਕਟਿਵ**

- 6 ਮਹੀਨਿਆਂ ਦੇ GOQii Life ਪਲਾਨ ਅਤੇ ਫਿਟਨੈਸ ਟ੍ਰੈਕਿੰਗ ਸਮੇਤ ਕੰਟੈਕਟਲੈਸ ਭੁਗਤਾਨ ਲਈ ਐਕਸਿਸ ਐਕਟਿਵ ਬੈਂਡ ਖਰੀਦੋ.
- ਫਿਟਨੈਸ ਟੀਚਿਆਂ ਨੂੰ ਪੂਰਾ ਕਰਨ 'ਤੇ ਐਕਸਿਸ eDGE ਰਿਵਾਰਡ ਪਾਓ.

**ਰਿਵਾਰਡ ਪੁਆਇੰਟ**

- ਆਪਣੇ ਰਿਵਾਰਡ ਪੁਆਇੰਟ ਬੈਲੇਂਸ ਨੂੰ ਦੇਖੋ ਅਤੇ ਰਿਡੀਮ ਕਰੋ
- ਆਪਣੇ ਪੁਆਇੰਟ ਨੂੰ ਕਿਸੇ ਹੋਰ ਬੈਂਕ ਖਾਤੇ ਵਿੱਚ ਟ੍ਰਾਂਸਫਰ ਕਰੋ
- ਰਿਵਾਰਡ ਸਟੋਰ ਐਕਸੈਸ ਕਰੋ ਅਤੇ ਸਿੱਧਾ ਰੀਚਾਰਜ ਅਤੇ ਬੁਕਿੰਗ ਕਰੋ

**ਹੁਣੇ ਅਪਲਾਈ ਕਰੋ**

- ਇੱਕ ਨਵਾਂ ਬੱਚਤ ਬੈਂਕ ਖਾਤਾ ਖੋਲ੍ਹੋ (ਚੁਨਿੰਦਾ ਸ਼ਹਿਰਾਂ ਵਿੱਚ ਉਪਲਬਧ)
- ਨਵੇਂ ਕ੍ਰੈਡਿਟ ਕਾਰਡ, ਪਰਸਨਲ ਲੋਨ, ਕਾਰ ਲੋਨ, ਹੋਮ ਲੋਨ ਜਾਂ ਗੋਲਡ ਲੋਨ ਲਈ ਅਪਲਾਈ ਕਰੋ
- ਪਹਿਲਾਂ ਤੋਂ ਸਵੀਕ੍ਰਿਤ ਸਾਰੇ ਆਫਰ ਦੇਖੋ
- ਕਿਸੇ ਵੀ ਐਕਸਿਸ ਬੈਂਕ ਸ਼ਾਖਾ ਵਿੱਚ ਲਾਕਰ ਬੁੱਕ ਕਰੋ, ਬਸ਼ਰਤੇ ਚੁਣੀ ਗਈ ਸ਼ਾਖਾ ਵਿੱਚ ਲਾਕਰ ਉਪਲਬਧ ਹੋਵੇ
- ਪਹਿਲਾਂ ਤੋਂ ਸਵੀਕ੍ਰਿਤ ਆਫਰ

**ਸੈਟਿੰਗ**

- ਟ੍ਰਾਂਜ਼ੈਕਸ਼ਨ ਸੀਮਾ ਦੇਖੋ ਅਤੇ ਸੋਧ ਕਰੋ.
- ਐਮ-ਪਿੰਨ ਬਦਲੋ
- ਐਕਸਿਸ ਬੈਂਕ ਦੀ ਓਪਨ ਐਪ ਨੂੰ ਡੀ-ਰਜਿਸਟਰ ਕਰੋ
- ਖਾਤਾ ਰੀਫ੍ਰੈਸ਼ ਕਰੋ
- iOS ਗਾਹਕਾਂ ਲਈ ਟੱਚ ਆਈਡੀ/ਫੇਸ ਆਈਡੀ; ਐਂਡਰਾਈਡ ਗਾਹਕਾਂ ਲਈ ਫਿੰਗਰਪ੍ਰਿੰਟ ਬਾਇਓਮੈਟ੍ਰਿਕ

**ਸੇਵਾਵਾਂ**

- ਨਵੀਂ ਚੈੱਕ ਬੁੱਕ ਲਈ ਬੇਨਤੀ ਕਰੋ
- ਜਾਰੀ ਕੀਤੇ ਚੈੱਕ ਦਾ ਸਟੇਟਸ ਦੇਖੋ

- ਚੈੱਕ ਜਾਰੀ ਕਰਨਾ ਬੰਦ ਕਰੋ
- ਈ-ਸਟੇਟਮੈਂਟ ਲਈ ਈ-ਮੇਲ ਆਈਡੀ ਰਜਿਸਟਰ ਕਰੋ
- ਈ-ਸਟੇਟਮੈਂਟ ਲਈ ਈ-ਮੇਲ ਆਈਡੀ ਅੱਪਡੇਟ ਕਰੋ
- ਹਾਲ ਹੀ ਦੀਆਂ ਬੇਨਤੀਆਂ ਦੇਖੋ
- ਐਕਸਿਸ ਵਾਚ (iOS ਗਾਹਕਾਂ ਲਈ ਲਾਗੂ)
- ਈ-ਮੇਲ ਆਈਡੀ ਅੱਪਡੇਟ ਕਰੋ (I)
- ਪੈਨ ਅੱਪਡੇਟ ਕਰੋ (I)
- ਸੰਚਾਰ ਐਡਰੈੱਸ ਅੱਪਡੇਟ ਕਰੋ (I)
- ਸਥਾਈ ਐਡਰੈੱਸ ਅੱਪਡੇਟ ਕਰੋ (I)
- ਕੇਵਾਈਸੀ ਵੇਰਵਿਆਂ ਦੀ ਪੁਸ਼ਟੀ ਕਰੋ (I)
- ਨਾਮ ਅੱਪਡੇਟ ਕਰੋ (I)
- ਜਨਮ ਤਾਰੀਖ ਅੱਪਡੇਟ ਕਰੋ (I)
- ਆਧਾਰ (I) ਰਾਹੀਂ ਐਡਰੈੱਸ ਅੱਪਡੇਟ ਕਰੋ
- ਰੋਜ਼ਗਾਰਦਾਤਾ ਦਾ ਨਾਮ ਅੱਪਡੇਟ ਕਰੋ (I)
- ਆਧਾਰ ਕਾਰਡ ਲਿੰਕ ਕਰੋ (I)
- ਫਾਰਮ 15G/H (I) ਸਬਮਿਟ ਕਰੋ
- ਟ੍ਰਾਂਸਫਰ ਖਾਤਾ (I)
- ਫਾਰਮ 60 (I)
- ਪਾਸਪੋਰਟ ਅੱਪਡੇਟ ਕਰੋ (ਐਨਆਰਆਈ) (I)
- ਵੀਜ਼ਾ ਅੱਪਡੇਟ ਕਰੋ (ਐਨਆਰਆਈ) (I)
- ਲੋਨ ਬੰਦ ਕਰਨ ਲਈ ਨੋ ਓਬਜੈਕਸ਼ਨ ਸਰਟੀਫਿਕੇਟ (I)
- ਆਧਾਰ ਕਾਰਡ ਅੱਪਡੇਟ ਕਰੋ
- ਬੰਦ ਖਾਤੇ ਨੂੰ ਐਕਟੀਵੇਟ ਕਰੋ

**ਬੱਚਤ/ਚਾਲੂ ਖਾਤਾ**

- ਬੈਂਕ ਖਾਤੇ ਦਾ ਵੇਰਵਾ ਐਕਸੈਸ ਕਰੋ
- ਐਸਏ/ਸੀਏ ਕੋਲ ਰਜਿਸਟਰਡ ਈ-ਮੇਲ ਆਈਡੀ ਅੱਪਡੇਟ ਕਰੋ
- ਈ-ਸਟੇਟਮੈਂਟ ਲਈ ਰਜਿਸਟਰ ਕਰੋ
- ਨਵੀਂ ਚੈੱਕ ਬੁੱਕ ਲਈ ਬੇਨਤੀ ਕਰੋ
- ਜਾਰੀ ਕੀਤੇ ਚੈੱਕ ਦਾ ਸਟੇਟਸ ਦੇਖੋ
- ਜਾਰੀ ਕੀਤੇ ਚੈੱਕ ਬੰਦ ਕਰੋ
- ਆਪਣੀ ਐਮਐਮਆਈਡੀ ਚੈੱਕ ਕਰੋ
- P2M ਆਈਐਮਪੀਐਸ ਟਰਾਂਸਜੈਕਸ਼ਨ ਲਈ ਓਟੀਪੀ ਜਨਰੇਟ ਕਰੋ
- ਹਾਲ ਹੀ ਦੀਆਂ ਬੇਨਤੀਆਂ ਦੇਖੋ

**ਕ੍ਰੈਡਿਟ ਕਾਰਡ**

- ਸੁਨਿਸ਼ਚਿਤ ਕੈਸ਼ਬੈਕ ਪੁਆਇੰਟ ਅਤੇ ਜ਼ੀ ਸਬਸਕ੍ਰਿਪਸ਼ਨ
- ਕਾਰਡ ਨੂੰ ਬਲਾਕ ਅਤੇ ਰਿਪਲੇਸ ਕਰੋ
- ਸੀਮਾ ਵਧਾਉਣ ਲਈ ਚੈੱਕ ਕਰੋ
- ਬਿਲ ਨਾ ਕੀਤੀਆਂ ਗਈਆਂ ਟ੍ਰਾਂਜ਼ੈਕਸ਼ਨ ਜਾਂ ਮੌਜੂਦਾ ਬਿਲ ਨੂੰ ਈਐਮਆਈ ਵਿੱਚ ਬਦਲੋ
- ਈ-ਸਟੇਟਮੈਂਟ ਐਕਟੀਵੇਸ਼ਨ
- ਕ੍ਰੈਡਿਟ ਕਾਰਡ 'ਤੇ ਇੰਸਟੈਂਟ ਲੋਨ
- ਕ੍ਰੈਡਿਟ ਕਾਰਡ ਪਿੰਨ ਸੈੱਟ/ਰੀਸੈੱਟ ਕਰੋ

**ਡੈਬਿਟ ਕਾਰਡ**

- ਕਿਸੇ ਵੀ ਦੁਰਵਰਤੋਂ ਨੂੰ ਰੋਕਣ ਲਈ ਡੈਬਿਟ ਕਾਰਡ ਨੂੰ ਬਲਾਕ ਕਰੋ
- ਆਪਣੇ ਡੈਬਿਟ ਕਾਰਡ 'ਤੇ ਏਟੀਐਮ ਅਤੇ ਖਰੀਦ ਸੰਬੰਧੀ ਸੀਮਾ ਵਿੱਚ ਸੋਧ ਕਰੋ
- ਡੈਬਿਟ ਕਾਰਡ ਪਿੰਨ ਨੂੰ ਸੈੱਟ/ਰੀਸੈੱਟ ਕਰੋ
- ਸਾਰੇ ਡੈਬਿਟ ਕਾਰਡ ਟ੍ਰਾਂਜ਼ੈਕਸ਼ਨ ਨੂੰ ਰੋਕਣ ਲਈ ਡੈਬਿਟ ਕਾਰਡ ਨੂੰ ਆਨ/ਆਫ ਕਰੋ
- ਡੈਬਿਟ ਕਾਰਡ ਨੂੰ ਅੱਪਗ੍ਰੇਡ ਕਰੋ

**ਮਾਈ ਪ੍ਰਿਵਲੇਜਿਸ**

- ਇਹ ਸੈਕਸ਼ਨ ਪ੍ਰੈਸਟੀਜ, ਪ੍ਰੀਓਰਟੀ ਅਤੇ ਬਰਗੰਡੀ ਗਾਹਕਾਂ ਲਈ ਉਪਲਬਧ ਹੈ. ਇੱਥੇ, ਗਾਹਕ ਆਪਣੇ ਖਾਤੇ ਲਈ ਉਪਲੱਬਧ ਵਿਸ਼ੇਸ਼ ਅਧਿਕਾਰੀ/ਆਫਰ/ ਵਿਸ਼ੇਸ਼ ਸੁਵਿਧਾਵਾਂ ਦੇਖ ਸਕਦੇ ਹਨ.

**ਆਈਐਮਪੀਐਸ**

- ਤੁਰੰਤ ਭੁਗਤਾਨ ਸੇਵਾ ਇੱਕ ਸੁਰੱਖਿਅਤ ਅਤੇ ਕੁਸ਼ਲ ਪ੍ਰਣਾਲੀ ਹੈ ਜੋ ਰੀਅਲ-ਟਾਈਮ ਟ੍ਰਾਂਜ਼ੈਕਸ਼ਨ ਲਈ ਤਿਆਰ ਕੀਤੀ ਗਈ ਹੈ.

**ਐਨਈਐਫਟੀ**

- ਨੈਸ਼ਨਲ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ ਸਿਸਟਮ ਇੱਕ ਵਿਆਪਕ ਤੌਰ 'ਤੇ ਵਰਤਿਆ ਜਾਣ ਵਾਲੀ ਪ੍ਰਣਾਲੀ ਹੈ ਜਿਸ ਰਾਹੀਂ ਫੰਡ ਟ੍ਰਾਂਸਫਰ ਕੀਤੇ ਜਾ ਸਕਦੇ ਹਨ. ਐਨਈਐਫਟੀ ਦੀ ਕੋਈ ਘੱਟੋ ਘੱਟ ਜਾਂ ਵੱਧ ਤੋਂ ਵੱਧ ਸੀਮਾ ਨਹੀਂ ਹੈ.

**ਆਰਟੀਜੀਐਸ**

- ਰੀਅਲਟਾਈਮ ਗ੍ਰਾਸ ਸੈਟਲਮੈਂਟ ਰਾਹੀਂ ਵੱਡੀ ਰਕਮ ਨੂੰ ਤੁਰੰਤ, ਆਸਾਨੀ ਤੇ ਸੁਰੱਖਿਅਤ ਢੰਗ ਨਾਲ ਟ੍ਰਾਂਸਫਰ ਕੀਤਾ ਜਾ ਸਕਦਾ ਹੈ. ਆਰਟੀਜੀਐਸ ਵਿੱਚ ਘੱਟ ਤੋਂ ਘੱਟ ਐਫਟੀ ਰਕਮ ₹ 2 ਲੱਖ ਹੈ.

## 36. ਭੁਗਤਾਨ ਨਿਰਦੇਸ਼ ਬੰਦ ਕਰੋ

ਇੱਕ ਵਾਰ ਗਾਹਕ ਵਲੋਂ ਟ੍ਰਾਂਜ਼ੈਕਸ਼ਨ ਨੂੰ ਅਧਿਕਾਰਤ ਅਤੇ ਸ਼ੁਰੂ ਕਰਨ ਤੋਂ ਬਾਅਦ, ਇਸ ਨੂੰ ਅੰਤਿਮ, ਅਟੱਲ ਅਤੇ ਰੱਦ ਨਾ ਕਰਨ ਯੋਗ ਮੰਨਿਆ ਜਾਵੇਗਾ. ਬੈਂਕ ਕਿਸੇ ਵੀ ਸਥਿਤੀ ਵਿੱਚ ਅਜਿਹੇ ਟ੍ਰਾਂਜ਼ੈਕਸ਼ਨ ਦੇ ਭੁਗਤਾਨ ਨੂੰ ਰੋਕਣ, ਵਾਪਸ ਕਰਨ ਜਾਂ ਸੋਧ ਕਰਨ ਲਈ ਕਿਸੇ ਵੀ ਬੇਨਤੀ ਨੂੰ ਸਵੀਕਾਰ ਨਹੀਂ ਕਰੇਗਾ. ਅਧਿਕਾਰਤ ਕਰਨ ਤੋਂ ਪਹਿਲਾਂ, ਲਾਭਪਾਤਰ ਦੇ ਖਾਤਾ ਨੰਬਰ ਸਮੇਤ ਪਰ ਇਹਨਾਂ ਤੱਕ ਸੀਮਿਤ ਨਹੀਂ, ਸਾਰੇ ਟ੍ਰਾਂਜ਼ੈਕਸ਼ਨ ਵੇਰਵਿਆਂ ਦੀ ਸਟੀਕਤਾ ਅਤੇ ਪੂਰਨਤਾ ਨੂੰ ਯਕੀਨੀ ਬਣਾਉਣਾ ਸਿਰਫ ਗਾਹਕ ਦੀ ਜ਼ਿੰਮੇਵਾਰੀ ਹੈ. ਗਾਹਕ ਵਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਵਿੱਚ ਪਾਈਆਂ ਗਈਆਂ ਗਲਤੀਆਂ ਜਾਂ ਤਰੁੱਟੀਆਂ ਤੋਂ ਹੋਣ ਵਾਲੇ ਕਿਸੇ ਵੀ ਨੁਕਸਾਨ, ਹਾਨੀ ਜਾਂ ਨਤੀਜੇ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ

AXIS BANK

## ਅਨੁਬੰਧ 1

### 1. ਐਸਐਮਐਸ ਨਾਲ ਨੈੱਟਸਿਕਿਓਰ

ਮਹੱਤਵਪੂਰਨ - ਐਸਐਮਐਸ ਨਾਲ ਨੈੱਟਸਿਕਿਓਰ ਵਿਕਲਪ ਦੀ ਚੋਣ ਕਰਨ ਤੋਂ ਪਹਿਲਾਂ ਧਿਆਨ ਨਾਲ ਪੜ੍ਹੋ. ਆਪਣੇ ਨੈੱਟਸਿਕਿਓਰ ਵਿਕਲਪ ਦੇ ਰੂਪ ਵਿੱਚ ਐਸਐਮਐਸ ਨੂੰ ਚੁਣ ਕੇ, ਤੁਸੀਂ ਇਸ ਵਰਤੋਂ ਦੇ ਹੇਠਾਂ ਦਿੱਤੇ ਨਿਯਮ ਅਤੇ ਸ਼ਰਤਾਂ ਨੂੰ ਸਵਿਕਾਰ ਕਰਨ ਲਈ ਸਹਿਮਤੀ ਦਿੰਦੇ ਹੋ

- ਐਸਐਮਐਸ ਨਾਲ ਨੈੱਟਸਿਕਿਓਰ ਵਿਕਲਪ ਪ੍ਰਾਪਤ ਕਰਨ ਲਈ ਤੁਹਾਡਾ ਮੋਬਾਈਲ ਨੰਬਰ ਬੇਹੱਦ ਅਹਿਮ ਹੈ. ਇਸ ਲਈ ਤੁਹਾਨੂੰ ਆਪਣਾ ਸਹੀ ਮੋਬਾਈਲ ਨੰਬਰ ਪ੍ਰਦਾਨ ਕਰਨਾ ਚਾਹੀਦਾ ਹੈ. ਜੇ ਤੁਹਾਡੇ ਵਲੋਂ ਪ੍ਰਦਾਨ ਕੀਤਾ ਗਿਆ ਮੋਬਾਈਲ ਨੰਬਰ ਪਹਿਲਾਂ ਹੀ ਸਾਡੇ ਕੋਲ ਰਜਿਸਟਰ ਹੈ (ਇਹ ਸਾਡੇ ਰਿਕਾਰਡ ਵਿੱਚ ਮੌਜੂਦ ਨੰਬਰ ਨਾਲ ਮੇਲ ਖਾਂਦਾ ਹੈ) ਤਾਂ ਤੁਹਾਨੂੰ ਐਸਐਮਐਸ ਨਾਲ ਨੈੱਟਸਿਕਿਓਰ ਵਿਕਲਪ ਲਈ ਸਫਲਤਾਪੂਰਵਕ ਰਜਿਸਟਰ ਕਰ ਦਿੱਤਾ ਜਾਵੇਗਾ, ਨਹੀਂ ਤਾਂ ਸਿਸਟਮ ਤੁਹਾਨੂੰ ਐਕਸਿਸ ਬੈਂਕ ਦੀ ਸ਼ਾਖਾਵਾਂ ਜਾਂ ਏਟੀਐਮ 'ਤੇ ਆਪਣਾ ਮੋਬਾਈਲ ਨੰਬਰ ਰਜਿਸਟਰ ਕਰਨ ਲਈ ਕਹੇਗਾ.
- ਤੁਹਾਡੇ ਮੋਬਾਈਲ ਨੰਬਰ ਦੇ ਚੋਰੀ/ਗੁਆਚਣ/ਬਦਲਣ ਦੀ ਸੂਰਤ ਵਿੱਚ, ਕਿਰਪਾ ਕਰਕੇ ਆਪਣੀ ਨਜ਼ਦੀਕੀ ਸ਼ਾਖਾ ਵਿੱਚ ਇਸ ਦੀ ਰਿਪੋਰਟ ਕਰੋ. ਜੇ ਇਸ ਦੀ ਰਿਪੋਰਟ ਨਹੀਂ ਕੀਤੀ ਜਾਂਦੀ, ਤਾਂ ਪ੍ਰਮਾਣਿਕਤਾ ਦੀ ਵਰਤੋਂ ਕਰਕੇ iConnect ਰਾਹੀਂ ਕੀਤੀ ਗਈ ਕੋਈ ਵੀ ਟ੍ਰਾਂਜ਼ੈਕਸ਼ਨ ਬੈਂਕ ਵਲੋਂ ਵੈਧ ਮੰਨੀ ਜਾਵੇਗੀ ਅਤੇ ਧੋਖਾਧੜੀ ਜਾਂ ਅਣਅਧਿਕਾਰਤ ਟ੍ਰਾਂਜ਼ੈਕਸ਼ਨ ਦੇ ਮਾਮਲੇ ਵਿੱਚ ਕਿਸੇ ਵੀ ਕਲੇਮ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ. ਜਦੋਂ ਤੱਕ ਬੈਂਕ ਕੋਲ ਕੋਈ ਹੋਰ ਮੋਬਾਈਲ ਨੰਬਰ ਰਜਿਸਟਰ ਨਹੀਂ ਕੀਤਾ ਜਾਂਦਾ, ਰਜਿਸਟਰਡ ਮੋਬਾਈਲ ਨੰਬਰ ਦੁਬਾਰਾ ਐਕਟਿਵ ਨਹੀਂ ਹੋ ਜਾਂਦਾ, ਤੱਦ ਤੱਕ ਤੁਸੀਂ ਉਨ੍ਹਾਂ ਸੇਵਾਵਾਂ ਦੀ ਵਰਤੋਂ ਨਹੀਂ ਕਰ ਸਕੋਗੇ ਜਿੱਥੇ ਨੈੱਟਸਿਕਿਓਰ ਕੋਡ ਲਾਜ਼ਮੀ ਹੈ. ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ.
- ਇੱਕ ਵਾਰ ਜਦੋਂ ਤੁਸੀਂ ਆਪਣੇ ਨੈੱਟਸਿਕਿਓਰ ਵਿਕਲਪ ਦੇ ਰੂਪ ਵਿੱਚ ਐਸਐਮਐਸ ਨੂੰ ਚੁਣ ਲੈਂਦੇ ਹੋ, ਤਾਂ ਬੈਂਕ 48 ਘੰਟਿਆਂ ਦੇ ਅੰਦਰ ਸਕਿਊਰਿਟੀ ਫੀਚਰ ਨੂੰ ਐਕਟੀਵੇਟ ਕਰਨ ਦੀ ਕੋਸ਼ਿਸ਼ ਕਰੇਗਾ.
- ਰਜਿਸਟਰਡ ਮੋਬਾਈਲ ਨੰਬਰ 'ਤੇ ਭੇਜਿਆ ਗਿਆ ਨੈੱਟਸਿਕਿਓਰ ਕੋਡ ਪੂਰਵ-ਨਿਰਧਾਰਿਤ ਸਮੇਂ ਤੋਂ ਬਾਅਦ ਅਵੈਧ ਹੋ ਜਾਂਦਾ ਹੈ. ਇਸ ਲਈ, ਜਦੋਂ ਹੀ ਯੂਜ਼ਰ ਨੂੰ ਐਸਐਮਐਸ ਰਾਹੀਂ ਐਕਟੀਵੇਸ਼ਨ ਕੋਡ ਪ੍ਰਾਪਤ ਹੁੰਦਾ ਹੈ, ਤਾਂ ਉਹ ਤੁਰੰਤ ਹੀ ਇਸ ਨੂੰ ਦਰਜ ਕਰੇਗਾ. ਅਵੈਧ ਹੋਣ ਤੋਂ ਬਾਅਦ ਦਰਜ ਕੀਤਾ ਗਿਆ ਕੋਈ ਵੀ ਕੋਡ ਬੈਂਕ ਵਲੋਂ ਅਸਵੀਕਾਰ ਕਰ ਦਿੱਤਾ ਜਾਵੇਗਾ.
- ਬੈਂਕ ਆਪਣੀ ਪੂਰੀ ਸਮਰੱਥਾ ਅਨੁਸਾਰ, ਤੁਹਾਡੇ ਰਜਿਸਟਰਡ ਮੋਬਾਈਲ ਨੰਬਰ 'ਤੇ ਐਸਐਮਐਸ ਰਾਹੀਂ ਨੈੱਟਸਿਕਿਓਰ ਕੋਡ ਭੇਜਣਾ ਯਕੀਨੀ ਬਣਾਏਗਾ. ਹਾਲਾਂਕਿ ਬੈਂਕ ਆਪਣੇ ਕੰਟਰੋਲ ਤੋਂ ਬਾਹਰ ਦੇ ਕਾਰਨਾਂ ਲਈ ਐਸਐਮਐਸ ਕੋਡ ਪ੍ਰਾਪਤ ਨਾ ਹੋਣ ਜਾਂ ਪ੍ਰਾਪਤ ਹੋਣ ਵਿੱਚ ਦੇਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ. ਐਸਐਮਐਸ ਰਾਹੀਂ ਨੈੱਟਸਿਕਿਓਰ ਕੋਡ ਡਿਲੀਵਰ ਨਾ ਹੋਣ/ਗਲਤ ਡਿਲੀਵਰੀ ਦੇ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਬੈਂਕ ਜ਼ਿੰਮੇਵਾਰੀ ਨਹੀਂ ਹੋਵੇਗਾ.
- ਬੈਂਕ ਕੋਲ ਆਕਸਮਿਕਤਾਵਾਂ ਦੇ ਸਮੇਂ ਐਸਐਮਐਸ ਨੈੱਟਸਿਕਿਓਰ ਪ੍ਰਮਾਣਿਕਤਾ ਨੂੰ ਅਕਿਰਿਆਸ਼ੀਲ ਕਰਨ ਦਾ ਅਧਿਕਾਰ ਹੈ. ਹਾਲਾਤ ਦੀ ਆਕਸਮਿਕਤਾਵਾਂ ਬਾਰੇ ਫੈਸਲਾ ਕਰਨ ਦਾ ਅਧਿਕਾਰ ਸਿਰਫ ਬੈਂਕ ਕੋਲ ਹੋਵੇਗਾ.
- ਬੈਂਕ ਕੋਲ ਨੈੱਟਸਿਕਿਓਰ ਪ੍ਰਮਾਣਿਕਤਾ ਨੂੰ ਹੋਰ ਟ੍ਰਾਂਜ਼ੈਕਸ਼ਨ ਪ੍ਰਕਾਰ ਵਿੱਚ ਸ਼ਾਮਲ ਕਰਨ ਜਾਂ ਮੌਜੂਦਾ ਟ੍ਰਾਂਜ਼ੈਕਸ਼ਨ ਪ੍ਰਕਾਰਾਂ ਤੋਂ ਇਸ ਨੂੰ ਹਟਾਉਣ ਦਾ ਅਧਿਕਾਰ ਹੈ. ਅਜਿਹਾ ਸਿਰਫ ਬੈਂਕ ਦੀ ਮਰਜ਼ੀ ਅਨੁਸਾਰ ਕੀਤਾ ਜਾਵੇਗਾ.
- ਖਾਤਾ ਧਾਰਕ ਕੋਲ ਨੈੱਟਸਿਕਿਓਰ ਦੀ ਵਰਤੋਂ ਕਰਨ ਦੇ ਕਈ ਵਿਕਲਪ ਨਹੀਂ ਹੋਣਗੇ. ਇੱਕ ਵਾਰ ਵਿਕਲਪ ਚੁਣੇ ਜਾਣ ਤੋਂ ਬਾਅਦ, ਨੈੱਟਸਿਕਿਓਰ ਦੀ ਵਰਤੋਂ ਹੋਰ ਤਰੀਕਿਆਂ ਰਾਹੀਂ ਨਹੀਂ ਕੀਤੀ ਜਾ ਸਕੇਗੀ. ਖਾਤਾ ਧਾਰਕ ਕੋਲ ਸਿਰਫ ਇਹੀ ਵਿਕਲਪ ਹੈ ਕਿ ਉਹ ਇੱਕ ਖਾਸ ਮੋਡ ਤੋਂ ਡੀ-ਰਜਿਸਟਰ ਕਰ ਲਵੇ ਅਤੇ ਦੂਸਰੇ ਮੋਡ ਵਿੱਚ ਬਦਲ ਲਵੇ.
- ਕਿਸੇ ਵੀ ਖਾਤਾ ਧਾਰਕ ਵੱਲੋਂ ਉਕਤ ਸੁਵਿਧਾ ਲਈ ਰਜਿਸਟਰ ਕਰਨ 'ਤੇ, ਇਹ ਮੰਨਿਆ ਜਾਵੇਗਾ ਕਿ ਉਸਨੇ ਉਪਰੋਕਤ ਦੱਸੇ ਅਨੁਸਾਰ (ਅਤੇ ਸਮੇਂ-ਸਮੇਂ 'ਤੇ ਕੀਤੀ ਸੋਧ ਸਮੇਤ) ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਲਿਆ, ਸਮਝ ਲਿਆ ਹੈ ਅਤੇ ਸਵੀਕਾਰ ਕਰ ਲਿਆ ਹੈ. ਐਕਸਿਸ ਬੈਂਕ ਕੋਲ ਬਿਹਤਰ ਸੁਰੱਖਿਆ ਵਾਲੇ ਨੈੱਟਸਿਕਿਓਰ ਨਾਲ ਸਬੰਧਤ ਕਿਸੇ ਵੀ ਨਿਯਮ ਅਤੇ ਸ਼ਰਤਾਂ ਨੂੰ ਹਟਾਉਣ/ਬਦਲਣ/ਸੋਧ ਕਰਨ/ਮੁਅੱਤਲ ਕਰਨ/ਰੱਦ ਕਰਨ ਅਤੇ/ਜਾਂ ਬਦਲਣ ਦਾ ਪੂਰਾ ਅਧਿਕਾਰ ਹੈ.

### 2. ਵੈੱਬਪਿੰਨ ਨਾਲ ਨੈੱਟਸਿਕਿਓਰ

ਮਹੱਤਵਪੂਰਨ - ਨੈੱਟਸਿਕਿਓਰ ਲਈ ਵੈੱਬਪਿੰਨ ਵਿਕਲਪ ਚੁਣਨ ਤੋਂ ਪਹਿਲਾਂ ਧਿਆਨ ਨਾਲ ਪੜ੍ਹੋ. ਵੈੱਬਪਿੰਨ ਨੂੰ ਆਪਣੇ ਨੈੱਟਸਿਕਿਓਰ ਵਿਕਲਪ ਵਜੋਂ ਚੁਣ ਕੇ, ਤੁਸੀਂ ਵਰਤੋਂ ਦੇ ਹੇਠਾਂ ਦਿੱਤੇ ਨਿਯਮ ਅਤੇ ਸ਼ਰਤਾਂ ਨੂੰ ਸਵਿਕਾਰ ਕਰਨ ਲਈ ਸਹਿਮਤੀ ਹੁੰਦੇ ਹੋ:

- ਤੁਹਾਡਾ ਮੋਬਾਈਲ ਨੰਬਰ ਵੈੱਬਪਿੰਨ ਨਾਲ ਨੈੱਟਸਿਕਿਓਰ ਵਿਕਲਪ ਲੈਣ ਲਈ ਬੇਹੱਦ ਅਹਿਮ ਹੈ. ਇਸ ਲਈ ਤੁਹਾਨੂੰ ਆਪਣਾ ਸਹੀ ਮੋਬਾਈਲ ਨੰਬਰ ਪ੍ਰਦਾਨ ਕਰਨਾ ਚਾਹੀਦਾ ਹੈ. ਜੇ ਤੁਹਾਡੇ ਵਲੋਂ ਪ੍ਰਦਾਨ ਕੀਤਾ ਗਿਆ ਮੋਬਾਈਲ ਨੰਬਰ ਪਹਿਲਾਂ ਹੀ ਸਾਡੇ ਕੋਲ ਰਜਿਸਟਰ ਹੈ (ਇਹ ਸਾਡੇ ਰਿਕਾਰਡ ਵਿੱਚ ਮੌਜੂਦ ਨੰਬਰ ਨਾਲ ਮੇਲ ਖਾਂਦਾ ਹੈ) ਤਾਂ ਤੁਹਾਨੂੰ ਵੈੱਬਪਿੰਨ ਨਾਲ ਨੈੱਟਸਿਕਿਓਰ ਵਿਕਲਪ ਲਈ ਸਫਲਤਾਪੂਰਵਕ ਰਜਿਸਟਰ ਕੀਤਾ ਜਾਵੇਗਾ, ਨਹੀਂ ਤਾਂ ਸਿਸਟਮ ਤੁਹਾਨੂੰ ਐਕਸਿਸ ਬੈਂਕ ਦੀ ਸ਼ਾਖਾਵਾਂ ਜਾਂ ਏਟੀਐਮ 'ਤੇ ਆਪਣਾ ਮੋਬਾਈਲ ਨੰਬਰ ਰਜਿਸਟਰ ਕਰਨ ਲਈ ਕਹੇਗਾ.
- ਮੋਬਾਈਲ ਨੰਬਰ 'ਤੇ ਭੇਜਿਆ ਗਿਆ ਸੁਰੱਖਿਅਤ ਕੋਡ ਸਿਰਫ ਇਕ ਵਾਰ ਵਰਤਿਆ ਜਾ ਸਕਦਾ ਹੈ ਅਤੇ ਇਹ ਬੈਂਕ ਕੋਲ ਰਜਿਸਟਰਡ ਸਿਰਫ ਇੱਕ ਕੰਪਿਊਟਰ ਲਈ ਹੈ.
- ਤੁਹਾਡੇ ਮੋਬਾਈਲ ਨੰਬਰ ਦੇ ਚੋਰੀ/ਗੁਆਚਣ/ਬਦਲਣ ਦੀ ਸੂਰਤ ਵਿੱਚ, ਕਿਰਪਾ ਕਰਕੇ ਆਪਣੀ ਨਜ਼ਦੀਕੀ ਸ਼ਾਖਾ ਵਿੱਚ ਇਸ ਦੀ ਰਿਪੋਰਟ ਕਰੋ. ਜੇ ਇਸ ਦੀ ਰਿਪੋਰਟ ਨਹੀਂ ਕੀਤੀ ਕੀਤੀ ਜਾਂਦੀ, ਤਾਂ ਬੈਂਕ ਵੱਲੋਂ ਪ੍ਰਮਾਣਿਕਤਾ ਨੂੰ ਵੈਧ ਮੰਨਿਆ ਜਾਵੇਗਾ ਅਤੇ ਥਰਡ ਪਾਰਟੀ ਵਲੋਂ ਧੋਖਾਧੜੀ ਜਾਂ ਅਣਅਧਿਕਾਰਤ ਟ੍ਰਾਂਜ਼ੈਕਸ਼ਨ ਦੇ ਮਾਮਲੇ ਵਿੱਚ ਕੋਈ ਕਲੇਮ ਸਵਿਕਾਰ ਨਹੀਂ ਕੀਤਾ ਜਾਵੇਗਾ.
- ਇੱਕ ਵਾਰ ਜਦੋਂ ਤੁਸੀਂ ਵੈੱਬਪਿੰਨ ਨੂੰ ਆਪਣੇ ਨੈੱਟਸਿਕਿਓਰ ਵਿਕਲਪ ਦੇ ਰੂਪ ਵਿੱਚ ਚੁਣ ਲੈਂਦੇ ਹੋ, ਤਾਂ ਬੈਂਕ 48 ਘੰਟਿਆਂ ਦੇ ਅੰਦਰ ਸੁਰੱਖਿਆ ਫੀਚਰ ਨੂੰ ਐਕਟੀਵੇਟ ਕਰਨ ਦੀ ਕੋਸ਼ਿਸ਼ ਕਰੇਗਾ.
- ਵੈੱਬਪਿੰਨ ਦੇ ਲਾਗੂ ਹੋਣ ਤੋਂ ਬਾਅਦ, ਖਾਤਾ ਧਾਰਕ ਉਸ ਕੰਪਿਊਟਰ ਨੂੰ ਰਜਿਸਟਰ ਕਰੇਗਾ, ਜਿਸ ਤੋਂ ਉਹ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਨੂੰ ਐਕਸੈਸ ਕਰੇਗਾ. ਨੈੱਟਸਿਕਿਓਰ ਦੇ ਉਦੇਸ਼ ਲਈ ਜਿੰਨੇ ਕੰਪਿਊਟਰ ਦੀ ਲੋੜ ਹੋਵੇ, ਖਾਤਾ ਧਾਰਕ ਉਨੇ ਕੰਪਿਊਟਰ ਰਜਿਸਟਰ ਕਰ ਸਕਦਾ ਹੈ.
- ਕੰਪਿਊਟਰ ਰਜਿਸਟਰੇਸ਼ਨ ਲਈ ਭੇਜਿਆ ਗਿਆ ਐਕਟੀਵੇਸ਼ਨ ਕੋਡ ਪੂਰਵ-ਨਿਰਧਾਰਿਤ ਸਮੇਂ ਤੋਂ ਬਾਅਦ ਅਵੈਧ ਹੋ ਜਾਂਦਾ ਹੈ. ਇਸ ਲਈ, ਜਦੋਂ ਹੀ ਤੁਹਾਨੂੰ ਐਸਐਮਐਸ ਰਾਹੀਂ ਐਕਟੀਵੇਸ਼ਨ ਕੋਡ ਪ੍ਰਾਪਤ ਹੋਵੇ, ਉਸ ਨੂੰ ਤੁਰੰਤ ਦਰਜ ਕਰਨਾ ਹੋਵੇਗਾ. ਅਵੈਧ ਹੋਣ ਤੋਂ ਬਾਅਦ ਦਰਜ ਕੀਤਾ ਗਿਆ ਕੋਈ ਵੀ ਕੋਡ ਬੈਂਕ ਵਲੋਂ ਅਸਵੀਕਾਰ ਕਰ ਦਿੱਤਾ ਜਾਵੇਗਾ.
- ਸਾਡੀ ਜਾਣਕਾਰੀ ਅਨੁਸਾਰ, ਅਸੀਂ ਐਸਐਮਐਸ ਰਾਹੀਂ ਤੁਹਾਡੇ ਰਜਿਸਟਰਡ ਮੋਬਾਈਲ ਨੰਬਰ 'ਤੇ ਐਕਟੀਵੇਸ਼ਨ ਕੋਡ ਭੇਜਣਾ ਯਕੀਨੀ ਬਣਾਵਾਂਗੇ. ਹਾਲਾਂਕਿ, ਸਾਨੂੰ ਆਪਣੇ ਕੰਟਰੋਲ ਤੋਂ ਬਾਹਰ ਦੇ ਕਾਰਨਾਂ ਕਰਕੇ ਕੋਡ ਡਿਲੀਵਰ ਨਾ ਹੋਣ 'ਤੇ ਅਫਸੋਸ ਹੈ. ਤੁਹਾਡੇ ਮੋਬਾਈਲ ਨੰਬਰ 'ਤੇ ਪ੍ਰਮਾਣਿਕਤਾ ਕੋਡ ਦੀ ਡਿਲੀਵਰੀ ਨਾ ਹੋਣ ਜਾਂ ਦੇਰੀ ਦੇ ਕਾਰਨ ਹੋਏ ਕਿਸੇ ਵੀ ਨੁਕਸਾਨ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
- ਵੈੱਬਪਿੰਨ ਨਾਲ ਨੈੱਟਸਿਕਿਓਰ ਦੀ ਵਰਤੋਂ ਲਈ, ਕੰਪਿਊਟਰ ਵਿੱਚ Java Runtime environment JRE 1.4.x ਜਾਂ ਇਸ ਤੋਂ ਉਪਰ ਵਾਲਾ ਵਰਜਨ ਹੋਣਾ ਜ਼ਰੂਰੀ ਹੈ.
- ਵੈੱਬ ਪਿੰਨ ਡਿਵਾਈਸ ਲਈ ਸੁਝਾਈਆਂ ਗਈਆਂ ਸਿਸਟਮ ਜ਼ਰੂਰਤਾਂ ਇਸ ਪ੍ਰਕਾਰ ਹਨ :
  - ਪੀਸੀ/ਲੈਪਟਾਪ ਸੰਬੰਧੀ ਵਿਸ਼ੇਸ਼ਤਾਵਾਂ: 512 ਐਮਬੀ ਰੈਮ, ਪੈਂਟੀਅਮ 4 ਅਤੇ ਉਸ ਤੋਂ ਉਪਰ ਵਾਲੇ ਵਰਜਨ
  - ਇੰਟਰਨੈੱਟ ਕਨੈਕਟੀਵਿਟੀ ਬ੍ਰਾਡਬੈਂਡ : (512 ਕੇਬੀਪੀਐਸ ਅਤੇ ਉਸ ਤੋਂ ਜ਼ਿਆਦਾ)
  - ਆਪਰੇਟਿੰਗ ਸਿਸਟਮ: Windows 2000 Professional, XP, VISTA, Windows 2003 ਸਰਵਰ
  - ਸੁਝਾਈ ਗਈ ਸਕ੍ਰੀਨ ਰੈਜ਼ੋਲਿਊਸ਼ਨ: 1024X768
  - ਸਮਰਥਿਤ ਬ੍ਰਾਊਜ਼ਰ: IE 6.0+, Firefox 1.5 ਤੋਂ ਉਪਰ ਵਾਲੇ ਵਰਜ਼ਨ (3.0+ ਦੀ ਸਿਫਾਰਸ਼ ਕੀਤੀ ਜਾਂਦੀ ਹੈ), Opera 9.0+, Safari 3.0+
  - ਲਾਜ਼ਮੀ ਬ੍ਰਾਊਜ਼ਰ ਸੈਟਿੰਗ: JavaScript, ਕੁਕੀਜ਼ ਅਤੇ Java ਨੂੰ ਕਿਰਿਆਸ਼ੀਲ ਕਰੋ
  - Java Runtime Environment (JRE) ਸੰਬੰਧੀ ਜ਼ਰੂਰਤਾਂ: JRE 1.4.x, JRE 1.5.x, JRE 1.6.x ਅਤੇ ਇਸ ਤੋਂ ਉਪਰ ਵਾਲੇ ਵਰਜਨ
- ਆਕਸਮਿਕਤਾਵਾਂ ਦੇ ਸਮੇਂ, ਬੈਂਕ ਕੋਲ ਵੈੱਬਪਿੰਨ ਪ੍ਰਮਾਣਿਕਤਾ ਨਾਲ ਨੈੱਟਸਿਕਿਓਰ ਨੂੰ ਅਕਿਰਿਆਸ਼ੀਲ ਕਰਨ ਦਾ ਅਧਿਕਾਰ ਹੈ. ਹਾਲਾਤ ਦੀ ਆਕਸਮਿਕਤਾਵਾਂ ਬਾਰੇ ਫੈਸਲਾ ਕਰਨ ਦਾ ਅਧਿਕਾਰ ਸਿਰਫ ਬੈਂਕ ਕੋਲ ਹੋਵੇਗਾ.
- ਬੈਂਕ ਕੋਲ ਵੈੱਬਪਿੰਨ ਪ੍ਰਮਾਣਿਕਤਾ ਨਾਲ ਨੈੱਟਸਿਕਿਓਰ ਨੂੰ ਹੋਰ ਟ੍ਰਾਂਜ਼ੈਕਸ਼ਨ ਪ੍ਰਕਾਰਾਂ ਨਾਲ ਜੋੜਨ ਜਾਂ ਮੌਜੂਦਾ ਟ੍ਰਾਂਜ਼ੈਕਸ਼ਨ ਪ੍ਰਕਾਰਾਂ ਤੋਂ ਇਸ ਨੂੰ ਹਟਾਉਣ ਦਾ ਅਧਿਕਾਰ ਹੈ. ਅਜਿਹਾ ਸਿਰਫ ਬੈਂਕ ਦੀ ਮਰਜ਼ੀ ਅਨੁਸਾਰ ਕੀਤਾ ਜਾਵੇਗਾ.
- ਖਾਤਾ ਧਾਰਕ ਕੋਲ ਨੈੱਟਸਿਕਿਓਰ ਦੀ ਵਰਤੋਂ ਕਰਨ ਦੇ ਕਈ ਵਿਕਲਪ ਨਹੀਂ ਹੋਣਗੇ. ਇੱਕ ਵਾਰ ਵਿਕਲਪ ਚੁਣੇ ਜਾਣ ਤੋਂ ਬਾਅਦ, ਨੈੱਟਸਿਕਿਓਰ ਦੀ ਵਰਤੋਂ ਹੋਰ ਤਰੀਕਿਆਂ ਰਾਹੀਂ ਨਹੀਂ ਕੀਤੀ ਜਾ ਸਕੇਗੀ. ਖਾਤਾ ਧਾਰਕ ਕੋਲ ਸਿਰਫ ਇਹੀ ਵਿਕਲਪ ਹੈ ਕਿ ਉਹ ਇੱਕ ਖਾਸ ਮੋਡ ਤੋਂ ਡੀ-ਰਜਿਸਟਰ ਕਰ ਲਵੇ ਅਤੇ ਦੂਸਰੇ ਮੋਡ ਵਿੱਚ ਬਦਲ ਲਵੇ.
- ਕਿਸੇ ਵੀ ਖਾਤਾ ਧਾਰਕ ਵੱਲੋਂ ਉਕਤ ਸੁਵਿਧਾ ਲਈ ਰਜਿਸਟਰ ਕਰਨ 'ਤੇ, ਇਹ ਮੰਨਿਆ ਜਾਵੇਗਾ ਕਿ ਉਸਨੇ ਉਪਰੋਕਤ ਦੱਸੇ ਅਨੁਸਾਰ (ਅਤੇ ਸਮੇਂ-ਸਮੇਂ 'ਤੇ ਕੀਤੀ ਸੋਧ ਸਮੇਤ) ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਲਿਆ, ਸਮਝ ਲਿਆ ਹੈ ਅਤੇ ਸਵੀਕਾਰ ਕਰ ਲਿਆ ਹੈ. ਐਕਸਿਸ ਬੈਂਕ ਕੋਲ ਬਿਹਤਰ ਸੁਰੱਖਿਆ ਵਾਲੇ ਨੈੱਟਸਿਕਿਓਰ ਨਾਲ ਸਬੰਧਤ ਕਿਸੇ ਵੀ ਨਿਯਮ ਅਤੇ ਸ਼ਰਤਾਂ ਨੂੰ ਹਟਾਉਣ/ਬਦਲਣ/ਸੋਧ ਕਰਨ/ਮੁਅੱਤਲ ਕਰਨ/ਰੱਦ ਕਰਨ ਅਤੇ/ਜਾਂ ਬਦਲਣ ਦਾ ਪੂਰਾ ਅਧਿਕਾਰ ਹੈ.

**3. 1-ਟੱਚ ਵਿਕਲਪ ਨਾਲ ਨੈੱਟਸਿਕਿਓਰ**

ਮਹੱਤਵਪੂਰਨ - 1-ਟੱਚ ਨਾਲ ਨੈੱਟਸਿਕਿਓਰ ਵਿਕਲਪ ਦੀ ਚੋਣ ਕਰਨ ਤੋਂ ਪਹਿਲਾਂ ਧਿਆਨ ਨਾਲ ਪੜ੍ਹੋ. ਆਪਣੇ ਨੈੱਟਸਿਕਿਓਰ ਵਿਕਲਪ ਦੇ ਰੂਪ ਵਿੱਚ 1-ਟੱਚ ਡਿਵਾਈਸ ਦੀ ਚੋਣ ਕਰਕੇ, ਤੁਸੀਂ ਵਰਤੋਂ ਦੇ ਹੇਠਾਂ ਦਿੱਤੇ ਨਿਯਮ ਅਤੇ ਸ਼ਰਤਾਂ ਨੂੰ ਸਵਿਕਾਰ ਕਰਨ ਲਈ ਸਹਿਮਤੀ ਹੁੰਦੇ ਹੋ:

- ਜਦੋਂ ਤੁਸੀਂ ਆਪਣੇ ਨੈੱਟਸਿਕਿਓਰ ਵਿਕਲਪ ਦੇ ਰੂਪ ਵਿੱਚ 1-ਟੱਚ ਡਿਵਾਈਸ ਦੀ ਚੁਣ ਕਰ ਲੈਂਦੇ ਹੋ, ਤਾਂ ਬੈਂਕ 10 ਕੰਮਕਾਜੀ ਦਿਨਾਂ ਦੇ ਅੰਦਰ ਤੁਹਾਡੇ ਸੰਚਾਰ ਐਡਰੈੱਸ 'ਤੇ ਡਿਵਾਈਸ ਭੇਜੇਗਾ.
- ਰਜਿਸਟਰੇਸ਼ਨ ਬੇਨਤੀ ਤੋਂ 10 ਦਿਨਾਂ ਤੋਂ ਬਾਅਦ, ਬੈਂਕ 1-ਟੱਚ ਡਿਵਾਈਸ ਨੈੱਟਸਿਕਿਓਰ ਪ੍ਰਮਾਣਿਕਤਾ ਨੂੰ ਐਕਟੀਵੇਟ ਕਰੇਗਾ.
- 1-ਟੱਚ ਡਿਵਾਈਸ 'ਤੇ ਪ੍ਰਦਰਸ਼ਿਤ ਹੋਣ ਵਾਲਾ ਨੈੱਟਸਿਕਿਓਰ ਕੋਡ 50 ਸੈਕਿੰਡ ਬਾਅਦ ਅਵੈਧ ਹੋ ਜਾਂਦਾ ਹੈ. ਅਵੈਧ ਤੋਂ ਬਾਅਦ ਦਰਜ ਕੀਤਾ ਗਿਆ ਕੋਡ ਬੈਂਕ ਵਲੋਂ ਅਸਵੀਕਾਰ ਕਰ ਦਿੱਤਾ ਜਾਵੇਗਾ.
- 1-ਟੱਚ ਡਿਵਾਈਸ ਦੇ ਗੁਆਚਣ ਜਾਂ ਚੋਰੀ ਦੇ ਮਾਮਲੇ ਵਿੱਚ, ਕਿਰਪਾ ਕਰਕੇ ਆਪਣੀ ਨਜ਼ਦੀਕੀ ਬ੍ਰਾਂਚ ਨੂੰ ਇਸ ਬਾਰੇ ਰਿਪੋਰਟ ਕਰੋ. ਜੇ ਇਸ ਦੀ ਰਿਪੋਰਟ ਨਹੀਂ ਕੀਤੀ ਜਾਂਦੀ, ਤਾਂ ਪ੍ਰਮਾਣਿਕਤਾ ਰਾਹੀਂ ਕੀਤੀ ਕਿਸੇ ਵੀ ਟ੍ਰਾਂਜ਼ੈਕਸ਼ਨ ਨੂੰ ਬੈਂਕ ਵੱਲੋਂ ਵੈਧ ਮੰਨਿਆ ਜਾਵੇਗਾ ਅਤੇ ਕਿਸੇ ਵੀ ਧੋਖਾਧੜੀ ਦੇ ਮਾਮਲੇ ਵਿੱਚ ਕੋਈ ਕਲੇਮ ਸਵਿਕਾਰ ਨਹੀਂ ਕੀਤਾ ਜਾਵੇਗਾ. ਤੁਹਾਡਾ 1-ਟੱਚ ਡਿਵਾਈਸ ਤੁਹਾਡੇ ਲਈ ਨਿੱਜੀ ਹੋਵੇਗਾ ਅਤੇ ਕਿਸੇ ਨਾਲ ਸਾਂਝਾ ਨਹੀਂ ਕੀਤਾ ਜਾ ਸਕਦਾ. ਜੇਕਰ ਥਰਡ ਪਾਰਟੀ ਵਲੋਂ ਇਸ ਦੀ ਦੁਰਵਰਤੋਂ ਕੀਤੀ ਜਾਂਦੀ ਹੈ (ਭਾਵੇਂ ਜਾਣਬੁੱਝ ਕੇ ਕੀਤੀ ਗਈ ਹੋਵੇ ਜਾਂ ਭੁੱਲ ਵਿੱਚ), ਤਾਂ ਇਸ ਸਬੰਧੀ ਬੈਂਕ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ.
- ਇਸ ਮੋਡ ਰਾਹੀਂ ਨੈੱਟਸਿਕਿਓਰ ਦੀ ਸੁਵਿਧਾ ਦਾ ਲਾਭ ਲੈਣ ਲਈ ਦਰਸਾ ਕੇ, ਤੁਸੀਂ 1-ਟੱਚ ਡਿਵਾਈਸ ਲਈ ₹800 ਦੇ ਲਾਗੂ ਸ਼ੁਲਕ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੰਦੇ ਹੋ. ਜੇ 1 ਟੱਚ ਡਿਵਾਈਸ ਨੂੰ ਬਦਲਣਾ ਪੈਂਦਾ ਹੈ, ਤਾਂ ਬੈਂਕ ਵੱਲੋਂ ਡਿਵਾਈਸ ਬਦਲਣ ਲਈ ਲਾਗੂ ਟੈਕਸ ਦੇ ਨਾਲ ਪ੍ਰਤੀ 1-ਟੱਚ ਡਿਵਾਈਸ ₹500 ਦਾ ਸ਼ੁਲਕ ਵਸੂਲਿਆ ਜਾਵੇਗਾ. ਬੈਂਕ ਕੋਲ ਸ਼ੁਲਕ ਵਿੱਚ ਸੋਧ ਕਰਨ ਅਤੇ ਲਾਗੂ ਟੈਕਸ ਸਮੇਤ ਸ਼ੁਲਕ, ਜੇ ਕੋਈ ਹੋਵੇ, ਨੂੰ ਬੈਂਕ ਵਿੱਚ ਰੱਖੇ ਖਾਤੇ ਵਿੱਚੋਂ ਡੈਬਿਟ ਕਰਨ ਦਾ ਅਧਿਕਾਰ ਹੈ. 1 ਟੱਚ ਡਿਵਾਈਸ ਦੀ ਚੋਰੀ/ਗੁਆਚਣ/ਗੁੰਮ ਹੋ ਜਾਣ ਦੀ ਸੂਰਤ ਵਿੱਚ, ਜਦੋਂ ਤੱਕ ਕੋਈ ਵਿਕਲਪਿਕ 1 ਟੱਚ ਡਿਵਾਈਸ ਉਪਲਬਧ ਨਹੀਂ ਹੁੰਦਾ, ਤਾਂ ਤੁਸੀਂ ਉਹਨਾਂ ਸੇਵਾਵਾਂ ਦੀ ਵਰਤੋਂ ਨਹੀਂ ਕਰ ਪਾਓਗੇ ਜਿਹਨਾਂ ਲਈ ਅਜਿਹੇ ਨੈੱਟਸਿਕਿਓਰ ਕੋਡ ਦੀ ਲੋੜ ਹੁੰਦੀ ਹੈ ਜਿਸ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ.
- ਆਕਸਮਿਕਤਾ ਦੇ ਸਮੇਂ, ਬੈਂਕ ਕੋਲ 1-ਟੱਚ ਨੈੱਟਸਿਕਿਓਰ ਪ੍ਰਮਾਣਿਕਤਾ ਨੂੰ ਅਕਿਰਿਆਸ਼ੀਲ ਕਰਨ ਦਾ ਅਧਿਕਾਰ ਹੈ. ਹਾਲਾਤ ਦੀ ਆਕਸਮਿਕਤਾਵਾਂ ਬਾਰੇ ਫੈਸਲਾ ਕਰਨ ਦਾ ਅਧਿਕਾਰ ਸਿਰਫ ਬੈਂਕ ਕੋਲ ਹੋਵੇਗਾ.
- ਬੈਂਕ ਕੋਲ ਹੋਰ ਟ੍ਰਾਂਜ਼ੈਕਸ਼ਨ ਪ੍ਰਕਾਰਾਂ 'ਤੇ ਨੈੱਟਸਿਕਿਓਰ ਪ੍ਰਮਾਣਿਕਤਾ ਨੂੰ ਸ਼ਾਮਲ ਕਰਨ ਜਾਂ ਮੌਜੂਦਾ ਟ੍ਰਾਂਜ਼ੈਕਸ਼ਨ ਪ੍ਰਕਾਰਾਂ ਤੋਂ ਇਸ ਨੂੰ ਹਟਾਉਣ ਦਾ ਅਧਿਕਾਰ ਹੈ. ਅਜਿਹਾ ਸਿਰਫ ਬੈਂਕ ਦੀ ਮਰਜ਼ੀ ਅਨੁਸਾਰ ਕੀਤਾ ਜਾਵੇਗਾ.
- 1-ਟੱਚ ਡਿਵਾਈਸ ਦੀ ਵਰਤੋਂ ਸਿਰਫ ਐਕਸਿਸ ਬੈਂਕ ਐਕਸਿਸ ਬੈਂਕ ਇੰਟਰਨੈੱਟ ਬੈਂਕਿੰਗ ਵੈੱਬਸਾਈਟ ਨੂੰ ਐਕਸੈਸ ਕਰਨ ਲਈ ਕੀਤੀ ਜਾ ਸਕਦੀ ਹੈ
- ਨਿਯਮ ਅਤੇ ਸ਼ਰਤਾਂ ਨੂੰ ਸਵਿਕਾਰ ਕਰਨ 'ਤੇ, ਬੇਨਤੀ ਅਨੁਸਾਰ ਤੁਸੀਂ ਹਮੇਸ਼ਾ ਬੈਂਕ ਨੂੰ ਸਹੀ 1-ਟੱਚ ਡਿਵਾਈਸ ਸੀਰੀਅਲ ਨੰਬਰ ਪ੍ਰਦਾਨ ਕਰੋਗੇ, ਤਾਂ ਜੋ ਬੈਂਕ ਤੁਹਾਡੀ ਪਛਾਣ ਕਰ ਸਕੇ. ਤੁਸੀਂ ਸੁਚੱਜੇ ਤਰੀਕੇ ਨਾਲ 1-ਟੱਚ ਡਿਵਾਈਸ ਨੂੰ ਆਪਣੇ ਕੋਲ ਰੱਖੋਗੇ.
- 1-ਟੱਚ ਡਿਵਾਈਸ ਦੀ ਵਰਤੋਂ ਲਈ, ਕੰਪਿਊਟਰ ਵਿੱਚ Java Runtime environment JRE 1.4.x ਜਾਂ ਹੇਠਾਂ ਦੱਸੇ ਅਨੁਸਾਰ ਸਿਸਟਮ ਜ਼ਰੂਰਤਾਂ ਹੋਣੀਆਂ ਲਾਜ਼ਮੀ ਹਨ.
- 1-ਟੱਚ ਡਿਵਾਈਸ ਲਈ ਸੁਝਾਈਆਂ ਗਈਆਂ ਸਿਸਟਮ ਜ਼ਰੂਰਤਾਂ ਇਸ ਪ੍ਰਕਾਰ ਹਨ :
- ਪੀਸੀ, ਲੈਪਟਾਪ ਸੰਬੰਧੀ ਵਿਸ਼ੇਸ਼ਤਾਵਾਂ: 512 ਐਮਬੀ ਰੈਮ, ਪੈਂਟੀਅਮ 4 ਜਾਂ ਉਸ ਤੋਂ ਉਪਰ ਵਾਲੇ ਵਰਜਨ
- ਇੰਟਰਨੈੱਟ ਕਨੈਕਟੀਵਿਟੀ ਬ੍ਰਾਡਬੈਂਡ : (512 ਕੇਬੀਪੀਐਸ ਅਤੇ ਉਸ ਤੋਂ ਜ਼ਿਆਦਾ)
- ਆਪਰੇਟਿੰਗ ਸਿਸਟਮ: Windows 2000 Professional, XP, VISTA, Windows 2003 ਸਰਵਰ
- ਸੁਝਾਈ ਗਈ ਸਕ੍ਰੀਨ ਰੈਜ਼ੋਲਿਊਸ਼ਨ: 1024X768
- ਸਮਰਥਿਤ ਬ੍ਰਾਊਜ਼ਰ: IE 6.0+, Firefox 1.5 ਤੋਂ ਉਪਰ ਵਾਲੇ ਵਰਜ਼ਨ (3.0+ ਦੀ ਸਿਫਾਰਸ਼ ਕੀਤੀ ਜਾਂਦੀ ਹੈ), Opera 9.0+, Safari 3.0+
- ਲਾਜ਼ਮੀ ਬ੍ਰਾਊਜ਼ਰ ਸੈਟਿੰਗ: JavaScript, ਕੂਕੀਜ਼ ਅਤੇ Java ਨੂੰ ਕਿਰਿਆਸ਼ੀਲ ਕਰੋ

- Java Runtime Environment (JRE) ਸੰਬੰਧੀ ਜ਼ਰੂਰਤਾਂ: JRE 1.4.x, JRE 1.5.x, JRE 1.6.x ਅਤੇ ਇਸ ਤੋਂ ਉਪਰ ਵਾਲੇ ਵਰਜਨ
- ਖਾਤਾ ਧਾਰਕ ਕੋਲ ਨੈੱਟਸਿਕਿਓਰ ਦੀ ਵਰਤੋਂ ਕਰਨ ਦੇ ਕਈ ਵਿਕਲਪ ਨਹੀਂ ਹੋਣਗੇ. ਇੱਕ ਵਾਰ ਵਿਕਲਪ ਚੁਣੇ ਜਾਣ ਤੋਂ ਬਾਅਦ, ਨੈੱਟਸਿਕਿਓਰ ਦੀ ਵਰਤੋਂ ਹੋਰ ਤਰੀਕਿਆਂ ਰਾਹੀਂ ਨਹੀਂ ਕੀਤੀ ਜਾ ਸਕੇਗੀ. ਖਾਤਾ ਧਾਰਕ ਕੋਲ ਸਿਰਫ ਇਹੀ ਵਿਕਲਪ ਹੈ ਕਿ ਉਹ ਇੱਕ ਖਾਸ ਮੋਡ ਤੋਂ ਡੀ-ਰਜਿਸਟਰ ਕਰ ਲਵੇ ਅਤੇ ਦੂਸਰੇ ਮੋਡ ਵਿੱਚ ਬਦਲ ਲਵੇ.
- ਕਿਸੇ ਵੀ ਖਾਤਾ ਧਾਰਕ ਵੱਲੋਂ ਉਕਤ ਸੁਵਿਧਾ ਲਈ ਰਜਿਸਟਰ ਕਰਨ 'ਤੇ, ਇਹ ਮੰਨਿਆ ਜਾਵੇਗਾ ਕਿ ਉਸਨੇ ਉਪਰੋਕਤ ਦੱਸੇ ਅਨੁਸਾਰ (ਅਤੇ ਸਮੇਂ-ਸਮੇਂ 'ਤੇ ਕੀਤੀ ਸੋਧ ਸਮੇਤ) ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਲਿਆ, ਸਮਝ ਲਿਆ ਹੈ ਅਤੇ ਸਵੀਕਾਰ ਕਰ ਲਿਆ ਹੈ. ਐਕਸਿਸ ਬੈਂਕ ਕੋਲ ਬਿਹਤਰ ਸੁਰੱਖਿਆ ਵਾਲੇ ਨੈੱਟਸਿਕਿਓਰ ਨਾਲ ਸਬੰਧਤ ਕਿਸੇ ਵੀ ਨਿਯਮ ਅਤੇ ਸ਼ਰਤਾਂ ਨੂੰ ਹਟਾਉਣ/ਬਦਲਣ/ਸੋਧ ਕਰਨ/ਮੁਅੱਤਲ ਕਰਨ/ਰੱਦ ਕਰਨ ਅਤੇ/ਜਾਂ ਬਦਲਣ ਦਾ ਪੂਰਾ ਅਧਿਕਾਰ ਹੈ.
- ਐਕਸਿਸ ਬੈਂਕ ਕੋਲ ਬਿਹਤਰ ਸੁਰੱਖਿਆ ਵਾਲੇ ਨੈੱਟਸਿਕਿਓਰ ਨਾਲ ਸਬੰਧਤ ਕਿਸੇ ਵੀ ਨਿਯਮ ਅਤੇ ਸ਼ਰਤਾਂ ਨੂੰ ਹਟਾਉਣ/ਬਦਲਣ/ਸੋਧ ਕਰਨ/ਮੁਅੱਤਲ ਕਰਨ/ਰੱਦ ਕਰਨ ਅਤੇ/ਜਾਂ ਬਦਲਣ ਦਾ ਪੂਰਾ ਅਧਿਕਾਰ ਹੈ

- ਐਕਸਿਸ ਬੈਂਕ ਗਾਹਕ ਅਧਿਕਾਰ ਪਾਲਿਸੀ - https://www.axis.bank.in/docs/default-source/noticeboard/importantnotice/customer--rights-policy.pdf
- ਐਕਸਿਸ ਬੈਂਕ ਬੱਚਤ ਖਾਤੇ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/savings-accounts-tnc.pdf?sfvrsn=9a8eb1a3_5
- ਐਕਸਿਸ ਬੈਂਕ ਨੈੱਟ ਬੈਂਕਿੰਗ ਦੇ ਨਿਯਮ ਅਤੇ ਸ਼ਰਤਾਂ - https://www.axis.bank.in/bank-smart/internet-banking/terms-conditions
- ਐਕਸਿਸ ਬੈਂਕ ਸ਼ਿਕਾਇਤ ਨਿਵਾਰਣ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/grievance-redressal/grievance-redressal-policy.pdf?sfvrsn=3866ba1d_14
- ਐਕਸਿਸ ਬੈਂਕ, ਬੈਂਕ ਦੀ ਗਾਹਕ ਮੁਆਵਜ਼ਾ ਪਾਲਿਸੀ ਦੇ ਨਿਯਮ ਅਤੇ ਸ਼ਰਤਾਂ - https://www.axisbank.com/docs/default-source/default-document-library/Customer-Compensation-Policy.pdf?sfvrsn=4
- ਐਕਸਿਸ ਬੈਂਕ ਕੋਡ ਆਫ ਬੈਂਕ ਦੀ ਵਚਨਬੱਧਤਾ ਸੰਬੰਧੀ ਨਿਯਮ ਅਤੇ ਸ਼ਰਤਾਂ - https://www.axis.bank.in/docs/default-source/default-document-library/code-of-commitment.pdf?sfvrsn=e16d1812_1